Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 18 * Issue 04
Daily Newspaper Tuesday, January 08, 2019 Tel: 905-793-2202 Fax: 905-793-2282 news@punjabipost.ca

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਟਰੂਡੋ ਤੇ ਟਰੰਪ ਨੇ ਵਿਚਾਰਿਆ ਚੀਨ ’ਚ ਨਜ਼ਰਬੰਦ ਕੈਨੇਡੀਅਨਾਂ ਦਾ ਮੁੱਦਾ




ਓਟਵਾ, 7 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੈਂਗ ਵਾਨਜ਼ੋਊ ਦੀ ਗ੍ਰਿਫਤਾਰੀ ਤੋਂ ਬਾਅਦ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਕੈਨੇਡੀਅਨਾਂ ਦੇ ਮੁੱਦੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਗੱਲ ਕੀਤੀ।

ਪ੍ਰਧਾਨ ਮੰਤਰੀ ਦੇ ਆਫਿਸ ਤੋਂ ਜਾਰੀ ਇੱਕ ਰਲੀਜ਼ ਮੁਤਾਬਕ ਦੋਵਾਂ ਆਗੂਆਂ ਨੇ ਨਿਆਂਇਕ ਆਜ਼ਾਦੀ ਤੇ ਕਾਨੂੰਨ ਦੇ ਨਿਯਮਾਂ ਦੀ ਅਹਿਮੀਅਤ ਬਾਰੇ ਗੱਲ ਕੀਤੀ। ਇਹ ਵੀ ਪਤਾ ਲੱਗਿਆ ਹੈ ਕਿ ਟਰੂਡੋ ਨੇ ਮਾਈਕਲ ਕੋਵਰਿੱਗ ਤੇ ਮਾਈਕਲ ਸਪੇਵਰ ਦੀ ਨਜ਼ਰਬੰਦੀ ਦੇ ਸਬੰਧ ਵਿੱਚ ਸਹਿਯੋਗ ਦੇਣ ਦੇ ਅਮਰੀਕਾ ਵੱਲੋਂ ਪ੍ਰਗਟਾਏ ਗਏ ਭਰੋਸੇ ਉੱਤੇ ਟਰੰਪ ਦਾ ਸ਼ੁਕਰੀਆ ਵੀ ਅਦਾ ਕੀਤਾ। ਦੋਵਾਂ ਆਗੂਆਂ ਨੇ ਇਨ੍ਹਾਂ ਦੋਵਾਂ ਕੈਨੇਡੀਅਨਾਂ ਦੀ ਰਿਹਾਈ ਲਈ ਯਤਨ ਜਾਰੀ ਰੱਖਣ ਦਾ ਤਹੱਈਆ ਵੀ ਪ੍ਰਗਟਾਇਆ।

ਇਸ ਤੋਂ ਇਲਾਵਾ ਦੋਵਾਂ ਆਗੂਆਂ ਨੇ ਪਿੱਛੇ ਜਿਹੇ ਸਾਈਨ ਕੀਤੀ ਗਈ ਨਵੀਂ ਡੀਲ ਕੁਜ਼ਮਾ ਟਰੇਡ ਡੀਲ, ਜੀਐਮ ਵੱਲੋਂ ਬੰਦ ਕੀਤੇ ਜਾ ਰਹੇ ਪਲਾਂਟਾਂ, ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਬਾਰੇ ਚੁੱਕੇ ਜਾਣ ਵਾਲੇ ਅਗਲੇ ਕਦਮਾਂ ਤੇ ਵਿਦੇਸ਼ਾਂ ਵਿੱਚ ਮੌਜੂਦ ਆਪਣੀਆਂ ਫੌਜੀ ਟੁਕੜੀਆਂ ਨਾਲ ਦਸੰਬਰ ਵਿੱਚ ਮੁਲਾਕਾਤ ਲਈ ਕੀਤੇ ਜਾਣ ਵਾਲੇ ਦੌਰਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਪੀਐਮਓ ਰਲੀਜ਼ ਵਿੱਚ ਆਖਿਆ ਗਿਆ ਕਿ ਟਰੂਡੋ ਤੇ ਟਰੰਪ ਇਨ੍ਹਾਂ ਮੁੱਦਿਆਂ ਉੱਤੇ ਨੇੜਲੇ ਸੰਪਰਕ ਵਿੱਚ ਰਹਿਣਗੇ।

ਜ਼ਿਕਰਯੋਗ ਹੈ ਕਿ ਇਸ ਸਮੇਂ ਕੈਨੇਡਾ ਦਾ ਪਾਰਲੀਆਮੈਂਟਰੀ ਵਫਦ ਚੀਨ ਵਿੱਚ ਹੈ ਤੇ ਉਸ ਵੱਲੋਂ ਮੈਂਗ ਦੀ ਗ੍ਰਿਫਤਾਰੀ ਤੋਂ ਬਾਅਦ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਦੋ ਅਧਿਕਾਰੀਆਂ ਨੂੰ ਰਿਹਾਅ ਕੀਤੇ ਜਾਣ ਦੀ ਮੰਗ ਲਈ ਚੀਨੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਟਰੂਡੋ ਤੇ ਟਰੰਪ ਵੱਲੋਂ ਵੀ ਮੁੱਖ ਤੌਰ ਉੱਤੇ ਇਸ ਮੁੱਦੇ ਨੂੰ ਧਿਆਨ ਵਿੱਚ ਰੱਖ ਕੇ ਹੀ ਗੱਲ ਕੀਤੀ ਗਈ ਹੈ।

# ਨਵੇਂ ਸਾਲ ਵਿੱਚ ਹੈਲਥ ਕੇਅਰ, ਰੋਜ਼ਗਾਰ ਤੇ ਸੰਤੁਲਿਤ ਬਜਟ ਹੀ ਹੋਵੇਗਾ ਸਰਕਾਰ ਦੀ ਮੁੱਖ ਤਰਜੀਹ : ਫੋਰਡ



ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਇਸ ਸਾਲ ਹੈਲਥ ਕੇਅਰ, ਓਨਟਾਰੀਓ ਵਿੱਚ ਰੋਜ਼ਗਾਰ ਨੂੰ ਹੁਲਾਰਾ ਦੇਣਾ, ਜ਼ਿੰਮੇਵਾਰਾਨਾ ਢੰਗ ਨਾਲ ਬਜਟ ਨੂੰ ਸੰਤੁਲਿਤ ਕਰਨਾ ਹੀ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਹੋਵੇਗੀ।

ਸੋਮਵਾਰ ਨੂੰ ਨਵੇਂ ਸਾਲ ਵਿੱਚ ਓਨਟਾਰੀਓ ਦੇ 68000 ਪਬਲਿਕ ਸਰਵੈਂਟਸ ਨੂੰ ਭੇਜੀ ਗਈ ਚਿੱਠੀ ਵਿੱਚ ਫੋਰਡ ਨੇ ਲਗਾਤਾਰ ਮਿਆਰੀ ਤੇ ਨਿਰਪੱਖ ਪ੍ਰੋਫੈਸ਼ਨਲ ਸਲਾਹ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ 15 ਸਾਲਾਂ ਤੱਕ ਲਿਬਰਲ ਪਾਰਟੀ ਵੱਲੋਂ ਸ਼ਾਸਨ ਕੀਤੇ ਜਾਣ ਤੋਂ ਬਾਅਦ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਜੂਨ 2018 ਵਿੱਚ ਸੱਤਾ ਸਾਂਭੀ ਸੀ।

ਇਨ੍ਹਾਂ ਚਿੱਠੀਆਂ ਵਿੱਚ ਫੋਰਡ ਨੇ ਲਿਖਿਆ ਕਿ ਜਦੋਂ ਵੀ ਕੋਈ ਨਵੀਂ ਸਰਕਾਰ ਆਉਂਦੀ ਹੈ ਤਾਂ ਕਈ ਤਰ੍ਹਾਂ ਦੀਆਂ ਤਬਦੀਲੀਆਂ ਕਰਨ ਲਈ ਤੁਹਾਡੇ ਵਿੱਚੋਂ ਹਰ ਅਧਿਕਾਰੀ ਉੱਤੇ ਬੋਝ ਪਾਇਆ ਜਾਂਦਾ ਹੈ ਤੇ ਤੁਸੀਂ ਬਿਨਾਂ ਕਿਸੇ ਤਰ੍ਹਾਂ ਦੇ ਵਿਘਨ ਦੇ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਮਦਦ ਕਰਦੇ ਹੋਂ। ਉਨ੍ਹਾਂ ਇਹ ਵੀ ਆਖਿਆ ਕਿ ਤੁਹਾਡੀ ਮਦਦ ਨਾਲ ਹੀ ਅਸੀਂ ਤੇਜ਼ੀ ਨਾਲ ਅੱਗੇ ਵੱਧ ਰਹੇ ਹਾਂ। ਫੋਰਡ ਨੇ ਇਹ ਵੀ ਲਿਖਿਆ ਕਿ ਉਹ ਟੈਕਸਾਂ ਵਿੱਚ ਕਟੌਤੀ ਕਰਨ, ਓਨਟਾਰੀਓ ਦੀ ਹਾਈਡਰੋ ਗੜਬੜੀ ਨੂੰ ਦੂਰ ਕਰਨ ਤੇ ਹਾਲਵੇਅ ਹੈਲਥ ਕੇਅਰ ਨੂੰ ਖਤਮ ਕਰਨ ਦਾ ਇਰਾਦਾ ਲੈ ਕੇ ਆਏ ਹਨ।

ਫੋਰਡ ਨੇ ਇਸ ਚਿੱਠੀ ਰਾਹੀਂ ਬਿਊਰੋਕਰੈਟਸ ਨੂੰ ਆਖਿਆ ਕਿ 2019 ਵਿੱਚ ਵੀ ਸਾਡੇ ਸਾਹਮਣੇ ਕਈ ਕੰਮ ਪਏ ਹਨ। ਉਨ੍ਹਾਂ ਆਖਿਆ ਕਿ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਪ੍ਰੋਵਿੰਸ ਦੇ ਮੈਡੀਕੇਅਰ ਸਿਸਟਮ ਦੀ ਹਿਫਾਜ਼ਤ ਲਈ ਸਖਤ ਮਿਹਨਤ ਕਰ ਰਹੀ ਹੈ। ਓਨਟਾਰੀਓ ਵਿੱਚ ਮਿਆਰੀ ਹੈਲਥ ਕੇਅਰ ਲਈ ਅਸੀਂ ਲੋੜੀਂਦੀ ਫੰਡਿੰਗ ਜਾਰੀ ਰੱਖਾਂਗੇ। ਪਰ ਇਹ ਮੁੱਦਾ ਪੈਸੇ ਨਾਲੋਂ ਕਿਤੇ ਜ਼ਿਆਦਾ ਤਬਦੀਲੀ ਤੇ ਨਿਵੇਕਲੀਆਂ ਕਾਢਾਂ ਨੂੰ ਲੈ ਕੇ ਆਉਣ, ਤਕਨਾਲੋਜੀ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਅਪਨਾਉਣ ਤੇ ਮਰੀਜ਼ਾਂ ਦੀ ਚੰਗੀ ਦੇਖਭਾਲ ਨਾਲ ਸਬੰਧਤ ਹੈ। ਫੋਰਡ ਨੇ ਆਪਣੇ ਪ੍ਰੋਵਿੰਸ ਦੇ ਕਾਬਲ ਨਰਸਾਂ, ਡਾਕਟਰਾਂ ਤੇ ਹੈਲਥ ਕੇਅਰ ਪ੍ਰੋਫੈਸ਼ਨਲਜ਼ ਦੀ ਵੀ ਸਿਫਤ ਕੀਤੀ।

ਫੋਰਡ ਨੇ 14.5 ਬਿਲੀਅਨ ਡਾਲਰ ਦੇ ਘਾਟੇ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਆਖਿਆ ਕਿ ਜੇ ਅਸੀਂ ਇਸ ਘਾਟੇ ਨੂੰ ਨੱਥ ਪਾਉਣ ਵੱਲ ਧਿਆਨ ਨਾ ਦਿੱਤਾ ਤਾਂ ਇਹ ਜਲਦ ਹੀ ਸਾਡੇ ਹਸਪਤਾਲਾਂ, ਸਕੂਲਾਂ ਤੇ ਹੋਰਨਾਂ ਪਬਲਿਕ ਸੇਵਾਵਾਂ ਉੱਤੇ ਅਸਰ ਕਰੇਗਾ। ਅਸੀਂ ਅਜਿਹਾ ਨਹੀਂ ਹੋਣ ਦੇ ਸਕਦੇ। ਉਨ੍ਹਾਂ ਆਖਿਆ ਕਿ ਚੰਗੀ ਗੱਲ ਇਹ ਹੈ ਕਿ ਤੁਹਾਡੇ ਸਮਰਥਨ ਤੇ ਵਿੱਤ ਮੰਤਰੀ ਵਿੱਕ ਫੈਡੇਲੀ ਅਤੇ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਪੀਟਰ ਬੈਥਲੇਨਫਾਲਵੀ ਦੀ ਅਗਵਾਈ ਵਿੱਚ ਅਸੀਂ ਇਸ ਘਾਟੇ ਨੂੰ ਦੂਰ ਕਰਨ ਲਈ ਕਈ ਠੋਸ ਕਦਮ ਉਠਾ ਚੁੱਕੇ ਹਾਂ।

Happy Lohri
ਲੋਹੜੀ ਖੁਸ਼ੀਆਂ ਲੈ ਕੇ ਆਈ ਵੰਡੋ ਸਾਰਿਆਂ ਨੂੰ ਮਠਿਆਈ
ਇਸ ਲੋਹੜੀ ਤੇ ਆਪਣੀ ਤੇ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਭਰੀ ਤਸਵੀਰਾਂ ਸਾਡੇ ਅਖਬਾਰ ਵਿੱਚ ਲਵਾਉ ਤੇ ਆਪਣੇ ਪਿਆਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਵੋ
ਪੰਜਾਬੀ ਪੋਸਟ
ਕਾਲ ਕਰੋ: 905-793-2202
ਜਾਂ ਇ-ਮੇਲ ਕਰੋ: news@punjabipost.ca

## ਜਗਮੀਤ ਸਿੰਘ ਨੇ 2019 ਦੀ ਚੋਣ ਮੁਹਿੰਮ ਵਿੱਚ ਐਨਡੀਪੀ ਦੀ ਅਗਵਾਈ ਆਪ ਕਰਨ ਦਾ ਪ੍ਰਗਟਾਇਆ ਤਹੱਈਆ



ਓਟਵਾ, 7 ਜਨਵਰੀ (ਪੋਸਟ ਬਿਊਰੋ) : ਆਪਣੀ ਅਗਵਾਈ ਵਿੱਚ ਪਾਰਟੀ ਦੀ ਸਥਿਤੀ ਤੇ ਪਾਰਲੀਆਮੈਂਟ ਵਿੱਚ ਸੀਟ ਜਿੱਤਣ ਦੀ ਕਾਬਲੀਅਤ ਉੱਤੇ ਉੱਠ ਰਹੇ ਸਵਾਲਾਂ ਦਾ ਜਵਾਬ ਦਿੰਦਿਆਂ ਜਗਮੀਤ ਸਿੰਘ ਨੇ ਆਖਿਆ ਕਿ 2019 ਦੀ ਚੋਣ ਮੁਹਿੰਮ ਵਿੱਚ ਐਨਡੀਪੀ ਦੀ ਅਗਵਾਈ ਉਹ ਆਪ ਹੀ ਕਰਨਗੇ।

ਆਪਣੇ ਨਵੇਂ ਕੈਂਪੇਨ ਹੈੱਡਕੁਆਰਟਰਜ਼ ਤੋਂ ਸੋਮਵਾਰ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ 2019 ਦੀਆਂ ਚੋਣਾਂ ਵਿੱਚ ਐਨਡੀਪੀ ਦੀ ਕਮਾਨ ਉਹ ਆਪ ਸਾਂਭਣਗੇ।

...ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd. Axxel Financial Services Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME AUTO
BUSINESS TRUCKING
R.E.S.P COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ਼ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 www.mannlawfirm.ca
T: 905 799 9333

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
• Initial Business Setup and Consultation
• Personal & Corporation
• Accounting & Bookkeeping Services
• Tax Planning
• HST, WSIB & Payroll Taxes
• CRA Appeals, Audits & Notice of Objection
• Cash Flow, Forecasts & Project Reports
• Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

## A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

**New Drivers Are Also Welcome, We Give Paid Training With Full Time Job**

**For Further Information Contact: 6476253344**

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



WESTJET vacations, tico.ca, IATA, transat, sunwing, AIR CANADA VACATIONS

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## NEED A LAWYER ??

Red Seal NOTARY

## KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1

SimConnect FREIGHT MANAGEMENT

## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ



Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

**Ph: (905)915-1805/(905)799-8822**
3380 Airway Dr Mississauga Ontario L4T1V3

chatr MOBILE

NEW

## NATION-WIDE TALK, TEXT & DATA PLANS FROM $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING
CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ >>

ਆ ਗਿਆ ਸਿੱਧਾ ਮੈਦਾਨ ਦੇ ਵਿੱਚ ਖਹਿਰਾ,
ਲੱਗਿਆ ਕਰਨ ਕੋਈ ਪਾਰਟੀ ਖੜੀ ਮੀਆਂ।
ਪੰਜਾਬੀ ਲੋਕਾਂ ਦੀ ਏਕਤਾ ਕਰਨ ਦੇ ਲਈ,
ਕਹਿੰਦਾ ਲੋੜ ਹੈ ਸੀ ਇਹਦੀ ਬੜੀ ਮੀਆਂ।
ਕਾਂਗਰਸ ਵੱਲੋਂ ਵੀ ਲੜੀ ਸੀ ਚੋਣ ਉਹਨੇ,
ਪਾਰਟੀ ਆਪ ਫਿਰ ਓਸ ਨੇ ਫੜੀ ਮੀਆਂ।
ਨਵੀਂ ਪਾਰਟੀ ਖੜੀ ਫਿਰ ਕਰਨ ਤੁਰਿਆ,
ਉਸ ਤੋਂ ਚੋਣ ਅਗਲੀ ਜਾਊ ਲੜੀ ਮੀਆਂ।
ਚਰਚਾ ਹੁੰਦੀ ਬਠਿੰਡੇ ਵਿੱਚ ਬਹੁਤ ਭਾਰੀ,
ਖਹਿਰਾ ਪੇਚਾ ਲੜਾਉਣ ਨੂੰ ਆ ਰਿਹਾ ਹੈ।
ਇੱਕੋ ਟੱਬਰ ਤੋਂ ਲੜਦੀਆਂ ਧਿਰਾਂ ਦੋ ਹੀ,
ਤੀਸਰੀ ਲੱਤ ਫਸਾਉਣ ਨੂੰ ਆ ਰਿਹਾ ਹੈ।

**ਤੀਸ ਮਾਰ ਖਾਂ**

# ਮੋਦੀ ਸਰਕਾਰ ਦਾ ਵੱਡਾ ਚੋਣ ਪੈਂਤੜਾ, ਉੱਚ ਜਾਤਾਂ ਨੂੰ 10 ਫੀਸਦੀ ਰਾਖਵਾਂਕਰਨ ਮਨਜ਼ੂਰ



ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਕਦਮ ਚੁੱਕਦੇ ਹੋਏ ਉੱਚ ਜਾਤਾਂ ਦੇ ਲੋਕਾਂ ਨੂੰ 10 ਫੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਕਰ ਦਿੱਤਾ ਹੈ।

ਮੰਤਰੀ ਮੰਡਲ ਦੀ ਬੈਠਕ ਮਗਰੋਂ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਦੱਸਿਆ ਕਿ ਸਰਕਾਰ ਨੇ ਉੱਚ ਜਾਤਾਂ ਦੇ ਲੋਕਾਂ ਨੂੰ 10 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਮਨਜ਼ੂਰ ਕਰ ਲਿਆ ਹੈ। ਐੱਸ ਸੀ-ਐੱਸ ਟੀ ਐਕਟ ਉੱਤੇ ਨਰਿੰਦਰ ਮੋਦੀ ਸਰਕਾਰ ਦੇ ਫੈਸਲੇ ਨਾਲ ਉੱਚ ਜਾਤਾਂ ਵਿੱਚ ਨਾਰਾਜ਼ਗੀ ਤੇ ਤਾਜ਼ਾ ਵਿਧਾਨ ਸਭਾ ਚੋਣਾਂ ਮੌਕੇ ਤਿੰਨ ਰਾਜਾਂ ਦੀ ਹਾਰ ਦੇ ਬਾਅਦ ਇਸ ਫੈਸਲੇ ਨੂੰ ਉੱਚ ਜਾਤਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ ਹੈ। ਸਮਝਿਆ ਜਾਂਦਾ ਹੈ ਕਿ ਇਸ ਬਾਰੇ ਪਾਰਲੀਮੈਂਟ ਵਿੱਚ ਨਰਿੰਦਰ ਮੋਦੀ ਸਰਕਾਰ ਸੰਵਿਧਾਨ ਸੋਧ ਬਿੱਲ ਪੇਸ਼ ਕਰ ਸਕਦੀ ਹੈ।

ਵਰਨਣ ਯੋਗ ਹੈ ਕਿ ਉੱਚ ਜਾਤਾਂ ਵਿਚਲੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਨਵੇਂ ਫੈਸਲੇ ਨਾਲ ਰਾਖਵਾਂਕਰਨ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਉੱਚ ਜਾਤਾਂ ਦੇ ਕਈ ਸੰਗਠਨ ਰਾਖਵਾਂਕਰਨ ਮੰਗ ਰਹੇ ਸਨ। ਛੱਤੀਸਗੜ੍ਹ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਭਾਜਪਾ ਦੀ ਹਾਰ ਪਿੱਛੋਂ ਇਸ ਦਾ ਮਹੱਤਵ ਵਧ ਜਾਂਦਾ ਹੈ। ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਨੇ ਇਸ ਨੂੰ ਮੋਦੀ ਸਰਕਾਰ ਦਾ ਇਤਿਹਾਸਕ ਫੈਸਲਾ ਦੱਸ ਕੇ ਕਿਹਾ ਕਿ ਉੱਚ ਜਾਤਾਂ ਦੇ ਗਰੀਬ ਲੰਬੇ ਸਮੇਂ ਤੋਂ ਇਹੋ ਮੰਗ ਕਰ ਰਹੇ ਸਨ।

ਇਸ ਤੋਂ ਪਹਿਲਾਂ ਕੇਂਦਰ ਅਤੇ ਰਾਜਾਂ ਵਿੱਚ 'ਹੋਰ ਪੱਛੜਿਆ ਵਰਗਾਂ' ਲਈ 27 ਫੀਸਦੀ ਅਤੇ ਸੂਚੀ ਦਰਜ ਜਾਤਾਂ ਤੇ ਕਬੀਲਿਆਂ ਲਈ 22 ਫੀਸਦੀ ਰਾਖਵਾਂਕਰਨ ਦਾ ਪ੍ਰਬੰਧ ਹੈ। ਇਹ ਆਮ ਧਾਰਨਾ ਹੈ ਕਿ ਉੱਚ ਜਾਤੀ ਦਾ ਭਾਵ ਸਭ ਕਾਸੇ ਦੇ ਸਮਰੱਥ ਹੋਣਾ ਹੈ, ਪਰ ਇਹ ਸਹੀ ਨਹੀਂ। ਉੱਚ ਜਾਤਾਂ ਵਿੱਚ ਵੀ ਆਰਥਿਕ ਪੱਖੋਂ ਕਮਜ਼ੋਰ ਲੋਕ ਹਨ। ਗਿਣਤੀ ਤੋਂ ਇਹ ਸਾਬਤ ਹੋ ਚੁੱਕਾ ਹੈ। ਪਿਛਲੇ ਕੁਝ ਸਾਲਾਂ ਤੋਂ ਖੇਤੀ ਅਤੇ ਕਿਸਾਨਾਂ ਦੀ ਹਾਲਤ ਵੀ ਖਰਾਬ ਹੈ। ਫਸਲ ਲਈ ਪਹਿਲਾਂ ਤੋਂ ਵੱਧ ਖਰਚ ਕਰਨਾ ਪੈਂਦਾ ਹੈ ਤੇ ਚੰਗਾ ਭਾਅ ਵੀ ਨਹੀਂ ਮਿਲਦਾ। ਕਈ ਜਾਤਾਂ ਦੇ ਬੁਰੀ ਤਰ੍ਹਾਂ ਪ੍ਰਭਾਵਤ ਲੋਕਾਂ ਨੂੰ ਰਾਖਵਾਂਕਰਨ ਨੇ ਮਾਰ ਤੋਂ ਬਚਣ ਵਿੱਚ ਮਦਦ ਦਿੱਤੀ ਸੀ, ਪਰ ਆਰਥਿਕ ਪੱਖੋਂ ਮਾੜੇ ਹੋਣ ਦੇ ਬਾਵਜੂਦ ਉੱਚ ਜਾਤੀ ਲੋਕਾਂ ਕੋਲ ਕੋਈ ਚਾਰਾ ਨਹੀਂ ਸੀ ਤੇ ਸ਼ਹਿਰੀ ਇਲਾਕਿਆਂ ਵਿੱਚ ਰੁਜ਼ਗਾਰ ਲਈ ਘਟਦੇ ਮੌਕਿਆਂ ਕਾਰਨ ਵੀ ਲੋਕਾਂ ਵਿੱਚ ਨਾਰਾਜ਼ਗੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

# ਕੈਨੇਡੀਅਨ ਸੈਨੇਟਰ ਦਾ ਨਿੱਜੀ ਡਾਟਾ ਹੋਇਆ ਹੈਕ



ਓਟਵਾ, 7 ਜਨਵਰੀ (ਪੋਸਟ ਬਿਊਰੋ) :ਕੰਜ਼ਰਵੇਟਿਵ ਸੈਨੇਟਰ ਲਿੰਡਾ ਫਰੰਮ ਦਾ ਟਵਿੱਟਰ ਐਕਾਊਂਟ ਐਤਵਾਰ ਰਾਤ ਨੂੰ ਕਿਸੇ ਨੇ ਹੈਕ ਕਰ ਲਿਆ। ਇੱਥੇ ਹੀ ਬੱਸ ਨਹੀਂ ਐਕਾਊਂਟ ਹੈਕ ਕਰਨ ਵਾਲਿਆਂ ਨੇ ਲਿੰਡਾ ਦੀ ਨਿਜੀ ਜਾਣਕਾਰੀ, ਉਨ੍ਹਾਂ ਦਾ ਡਰਾਈਵਿੰਗ ਲਾਇਸੰਸ ਸੋਸ਼ਲ ਮੀਡੀਆ ਉੱਤੇ ਸ਼ੇਅਰ ਵੀ ਕਰ ਦਿੱਤਾ ਤੇ ਆਪਣੇ ਟਵੀਟਸ ਵਿੱਚ ਨਸਲੀ ਟਿੱਪਣੀਆਂ ਵੀ ਕੀਤੀਆਂ।

ਟਵਿੱਟਰ ਉੱਤੇ ਲਿੰਡਾ ਦੇ ਲਾਇਸੰਸ ਦੀ ਅਗਲੀ ਤੇ ਪਿਛਲੀ ਤਸਵੀਰ ਪਾਈ ਗਈ ਤੇ ਉਸ ਦੇ ਪਤੇ ਸਮੇਤ ਉਸ ਦੀ ਹੋਰ ਜਾਣਕਾਰੀ ਵੀ ਸਾਂਝੀ ਕੀਤੀ ਗਈ। ਅਜੇ ਤੱਕ ਇਸ ਹੈਕਿੰਗ ਦਾ ਕੋਈ ਠੋਸ ਮੰਤਵ ਸਮਝ ਨਹੀਂ ਆਇਆ ਪਰ ਹੈਕਰਜ਼ ਦਾ ਕਹਿਣਾ ਹੈ ਕਿ ਉਹ ਭ੍ਰਿਸ਼ਟ ਸਿਆਸਤਦਾਨਾਂ ਨੂੰ ਪਸੰਦ ਨਹੀਂ ਕਰਦੇ। ਇਸੋ ਤੋਂ ਇਲਾਵਾ ਉਨ੍ਹਾਂ ਫਲਸਤੀਨੀ ਝੰਡੇ ਵਾਲਾ ਇਮੋਜੀ ਵੀ ਪਾਇਆ ਹੈ। ਇਸ ਗਰੁੱਪ ਦੇ ਹੈਕਰਜ਼ ਖੁਦ ਨੂੰ ਸਪੈਂਕ ਗੈਂਗ ਦੱਸਦੇ ਹਨ। ਇਸ ਤੋਂ ਕੁੱਝ ਦਿਨ ਪਹਿਲਾਂ ਹੀ ਜਰਮਨੀ ਵਿੱਚ ਵੀ ਹਾਈ ਪ੍ਰੋਫਾਈਲ ਹੈਕਿੰਗ ਦਾ ਮਾਮਲਾ ਸਾਹਮਣੇ ਆਇਆ ਸੀ। ਜਿੱਥੇ ਕਈ ਸਿਆਸਤਦਾਨਾਂ ਤੇ ਅਧਿਕਾਰੀਆਂ, ਜਿਨ੍ਹਾਂ ਵਿੱਚ ਜਰਮਨੀ ਦੀ ਚਾਂਸਲਰ ਐਂਜਲੀਨਾ ਮਾਰਕਲ ਵੀ ਸ਼ਾਮਲ ਸੀ, ਦੇ ਐਕਾਊਂਟ ਹੈਕ ਕਰ ਲਏ ਗਏ ਸਨ ਤੇ ਉਨ੍ਹਾਂ ਦੇ ਨਿਜੀ ਵੇਰਵੇ ਆਨਲਾਈਨ ਸ਼ੇਅਰ ਕਰ ਦਿੱਤੇ ਗਏ ਸਨ।

ਲਿੰਡਾ ਕੋਈ ਪਹਿਲੀ ਸੈਨੇਟਰ ਨਹੀਂ ਹੈ ਜਿਸ ਦਾ ਐਕਾਊਂਟ ਹੈਕ ਹੋਇਆ ਹੋਵੇ। ਅਕਤੂਬਰ ਵਿੱਚ ਕੰਜ਼ਰਵੇਟਿਵ ਸੈਨੇਟਰ ਡੌਨ ਪਲੈੱਟ ਦਾ ਐਕਾਊਂਟ ਵੀ ਹੈਕ ਹੋ ਚੁੱਕਿਆ ਹੈ। ਇਸ ਤਰ੍ਹਾਂ ਦੇ ਵੱਧ ਚੁੱਕੇ ਹੈਕਿੰਗ ਦੇ ਰੁਝਾਨ ਕਾਰਨ ਸਿਆਸਤਦਾਨਾਂ ਤੇ ਮਾਹਿਰਾਂ ਵਿੱਚ ਕਾਫੀ ਤਣਾਅ ਪਾਇਆ ਜਾ ਰਿਹਾ ਹੈ। ਉੱਤੋਂ ਚੋਣਾਂ ਦਾ ਸਮਾਂ ਨੇੜੇ ਹੋਣ ਕਾਰਨ ਵੀ ਸਾਰਿਆਂ ਦੀ ਇਹ ਚਿੰਤਾ ਕਾਫੀ ਹੱਦ ਤੱਕ ਜਾਇਜ਼ ਲੱਗਦੀ ਹੈ। ਇਸ ਤਰ੍ਹਾਂ ਦੀਆਂ ਚਿੰਤਾਵਾਂ ਨਾਲ ਨਜਿੱਠਣ ਲਈ ਹੀ ਸਰਕਾਰ ਨੇ ਬਿੱਲ ਸੀ-76 ਪੇਸ਼ ਕੀਤਾ ਹੈ।

REXDALE FINANCIAL SERVICES
WE HELP YOU START GROW AND SUCCEED
19 Woodbine Downs Blvd unit#201 Etobicoke ON M9W 6N5
The Mortgage Centre
Call now: 416-674-8035
416-674-7050
Fax: 416-674-9009
WE HELP YOU START GROW AND SUCCEED
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS?
SHOPPING FOR A BETTER INTEREST RATE?
MORTGAGES SUITABLE FOR EVERY NEED!
1st, and 2nd Mortgages Available!
ALL IN ONE LOW MONTHLY PAYMENT!
SELF-EMPLOYED OR UN-EMPLOYED
Some Conditions Apply
Each Mortgage Centre is independently owned and operated.
Increase Your Cash Flow by Upto 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Jaspal Singh Gahunia
# M08006400
416-677-0047

# ਮੇਜਰ ਨੱਤ ਅਤੇ ਪੰਨੂੰ ਪਰਿਵਾਰ ਨੂੰ ਸਦਮਾ

## ਸੁਰਿੰਦਰਪਾਲ ਸਿੰਘ ਪੰਨੂੰ ਦੀ ਦਿਲ ਦੇ ਦੌਰੇ ਨਾਲ ਮੌਤ



ਮਾਹਲਪੁਰ ਦੇ ਨੇੜੇ ਪਿੰਡ ਓਟਵਾਲ ਦੇ ਨਿਵਾਸੀ ਸ. ਸੁਰਿੰਦਰਪਾਲ ਸਿੰਘ ਪੰਨੂੰ ਬੀਤੇ ਦਿਨੀਂ ਅਚਾਨਕ ਦਿਲ ਦੇ ਦੌਰੇ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 58 ਵਰ੍ਹਿਆਂ ਦੇ ਸਨ ਅਤੇ ਬੀਤੇ ਲੰਬੇ ਸਮੇਂ ਤੋਂ ਬਰੈਂਪਟਨ 'ਚ ਰਹਿ ਰਹੇ ਸਨ। ਉਨ੍ਹਾਂ ਦੇ ਅੰਤਿਮ ਸਸਕਾਰ 30 ਬਰਿਮਵਿਊ ਕੋਰਟ ਬਰੈਂਪਟਨ 'ਚ ਸਥਿਤ ਬਰੈਂਪਟਨ ਕਰੈਮੇਟੋਰੀਅਮ ਵਿਖੇ ਦਿਨ ਵੀਰਵਾਰ ਨੂੰ 12 ਤੋਂ 2 ਵਜੇ ਤੱਕ ਕੀਤੇ ਜਾਣਗੇ। ਇਸ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ 2:30 ਵਜੇ ਤੋਂ ਲੈਕੇ 3:30 ਵਜੇ ਤੱਕ ਸਿੱਖ ਸਪੀਰੀਚਿਅਲ ਸੈਂਟਰ ਰੈਕਸਡੇਲ ਵਿਖੇ ਪਾਏ ਜਾਣਗੇ। ਸ. ਸੁਰਿੰਦਰਪਾਲ ਸਿੰਘ ਪੰਨੂੰ ਪ੍ਰਸਿੱਧ ਕਾਰੋਬਾਰੀ ਏਸ਼ੀਅਨ ਫੂਡ ਸੈਂਟਰ ਦੇ ਸ. ਮੇਜਰ ਸਿੰਘ ਨੱਤ ਦੇ ਸਾਲਾ ਸਾਹਿਬ ਅਤੇ ਦਵਿੰਦਰ ਸਿੰਘ ਪੰਨੂੰ ਦੇ ਭਰਾ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਮੇਜਰ ਸਿੰਘ ਨੱਤ ਨਾਲ 416-543-7101 ਜਾਂ ਉਨ੍ਹਾਂ ਦੇ ਬੇਟੇ ਕੁਲਦੀਪ ਸਿੰਘ ਪੰਨੂੰ ਅਤੇ ਉਨ੍ਹਾਂ ਦੇ ਭਰਾ ਦਵਿੰਦਰ ਸਿੰਘ ਪੰਨੂੰ ਨਾਲ 647-294-3428 'ਤੇ ਸੰਪਰਕ ਕੀਤਾ ਜਾ ਸਕਦਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਫੋਰਡ ਨੇ ਅਮਰੀਕਾ ਤੋਂ 782,000 ਤੇ ਕੈਨੇਡਾ ਤੋਂ 149,652 ਗੱਡੀਆਂ ਵਾਪਿਸ ਮੰਗਵਾਈਆਂ



ਡਿਟਰਾਇਟ, 7 ਜਨਵਰੀ (ਪੋਸਟ ਬਿਊਰੋ) : ਫੋਰਡ ਵੱਲੋਂ ਦੁਨੀਆ ਭਰ ਤੋਂ 953,000 ਗੱਡੀਆਂ ਵਾਪਿਸ ਮੰਗਵਾਈਆਂ ਜਾ ਰਹੀਆਂ ਹਨ। ਅਜਿਹਾ ਟਕਾਟਾ ਪੈਸੈਂਜਰ ਏਅਰ ਬੈਗ ਇਨਫਲੇਟਰਜ਼ ਨੂੰ ਬਦਲਣ ਲਈ ਕੀਤਾ ਜਾ ਰਿਹਾ ਹੈ। ਇਨ੍ਹਾਂ ਬੈਗਜ਼ ਦੇ ਫਟਣ ਤੇ ਵੱਡਾ ਹਾਦਸਾ ਵਾਪਰਨ ਦਾ ਡਰ ਹੈ।

ਇਸ ਪੇਸ਼ਕਦਮੀ ਤਹਿਤ ਫੋਰਡ ਅਮਰੀਕਾ ਤੋਂ 782,000 ਤੇ ਕੈਨੇਡਾ ਤੋਂ 149,652 ਗੱਡੀਆਂ ਵਾਪਿਸ ਮੰਗਵਾ ਰਹੀ ਹੈ। ਇਸ ਦੌਰਾਨ ਕੰਪਨੀ ਵੱਲੋਂ 2010 ਮਾਡਲ ਦੀ ਫੋਰਡ ਐੱਜ ਅਤੇ ਲਿੰਕਨ ਐਮਕੇਐਕਜ਼ੈੱਡ, 2010 ਤੇ 2011 ਮਾਡਲ ਦੀ ਫੋਰਡ ਰੇਂਜਰ, 2010 ਤੋਂ 2012 ਮਾਡਲ ਦੀ ਫੋਰਡ ਫਿਊਜ਼ਨ ਤੇ ਲਿੰਕਨ ਐਮਕੇਜ਼ੈੱਡ, 2010 ਤੇ 2011 ਮਾਡਲ ਦੀ ਮਰਕਰੀ ਮਿਲਾਨ ਤੇ 2010 ਤੋਂ 2014 ਮਾਡਲ ਦੀ ਫੋਰਡ ਮਸਟੈਂਗ ਗੱਡੀਆਂ ਵਾਪਿਸ ਮੰਗਵਾਈਆਂ ਜਾ ਰਹੀਆਂ ਹਨ। ਟਕਾਟਾ ਫੁੱਲੇ ਹੋਏ ਬੈਗਜ਼ ਵਿੱਚ ਧਮਾਕਾ ਕਰਨ ਲਈ ਕੈਮੀਕਲ ਐਮੋਨੀਅਮ ਨਿਟਰੇਟ ਭਰਦਾ ਹੈ। ਪਰ ਹੀਟ ਤੇ ਨਮੀ ਕਾਰਨ ਇਸ ਮਿਸਰਣ ਦੀ ਹਾਲਤ ਖਰਾਬ ਹੋ ਜਾਂਦੀ ਹੈ ਤੇ ਇਹ ਬਹੁਤ ਜ਼ਿਆਦਾ ਤਾਕਤ ਨਾਲ ਫਟਦਾ ਹੈ ਜਿਸ ਨਾਲ ਹੋਰ ਧਾਤ ਦੇ ਟੁਕੜੇ ਵੀ ਟੁੱਟ ਕੇ ਇਸ ਨਾਲ ਮਿਲ ਜਾਂਦੇ ਹਨ ਤੇ ਜ਼ੋਰਦਾਰ ਧਮਾਕਾ ਹੁੰਦਾ ਹੈ। ਇਸ ਸਮੱਸਿਆ ਕਾਰਨ ਦੁਨੀਆ ਭਰ ਵਿੱਚ 23 ਵਿਅਕਤੀ ਮਾਰੇ ਜਾ ਚੁੱਕੇ ਹਨ ਤੇ ਸੈਂਕੜੇ ਹੋਰ ਜ਼ਖ਼ਮੀ ਹੋ ਚੁੱਕੇ ਹਨ। ਫੋਰਡ ਦਾ ਕਹਿਣਾ ਹੈ ਕਿ ਕਿਸੇ ਦੇ ਜ਼ਖ਼ਮੀ ਹੋਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਕੰਪਨੀ ਇਹ ਵੀ ਆਖ ਰਹੀ ਹੈ ਕਿ ਡੀਲਰਜ਼ ਵੱਲੋਂ ਇਹ ਇਲਫਲੇਟਰਜ਼ ਬਦਲ ਦਿੱਤੇ ਜਾਣਗੇ।

# ਬਰੈਂਪਟਨ ਦੇ ਕਨਵੀਨੀਐਂਸ ਸਟੋਰ ਉੱਤੇ ਪਿਆ ਡਾਕਾ

ਬਰੈਂਪਟਨ, 7 ਜਨਵਰੀ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਬਰੈਂਪਟਨ ਵਿੱਚ ਇੱਕ ਕਨਵੀਨੀਐਂਸ ਸਟੋਰ ਨੂੰ ਲੁੱਟਣ ਵਾਲੇ ਮਸ਼ਕੂਕ ਦੀ ਪੀਲ ਰੀਜਨਲ ਪੁਲਿਸ ਬੜੀ ਸ਼ਿੱਦਤ ਨਾਲ ਭਾਲ ਕਰ ਰਹੀ ਹੈ। ਸਟੋਰ ਉੱਤੇ ਡਾਕਾ ਮਾਰਨ ਵਾਲਾ ਇੱਕਲੌਤਾ ਮਸ਼ਕੂਕ ਦੱਸਿਆ ਜਾ ਰਿਹਾ ਹੈ। ਇਹ ਘਟਨਾ ਸ਼ਾਮੀਂ 7:15 ਉੱਤੇ ਕੁਈਨ ਸਟਰੀਟ ਵੈੱਸਟ ਤੇ ਮੈਕਲਾਫਲਿਨ ਰੋਡ ਨੌਰਥ ਉੱਤੇ ਸਥਿਤ ਕੁਈਨ ਮਾਰਟ ਕਨਵੀਨੀਐਂਸ ਸਟੋਰ ਉੱਤੇ ਵਾਪਰੀ। ਪੀਲ ਦੇ ਕਾਂਸਟੇਬਲ ਹਰਿੰਦਰ ਸੋਹੀ ਨੇ ਆਖਿਆ ਕਿ ਇੱਕ ਵਿਅਕਤੀ ਸਟੋਰ ਵਿੱਚ ਦਾਖਲ ਹੋ ਗਿਆ ਤੇ ਫਿਰ ਉਸ ਨੇ ਸੱਭ ਤੋਂ ਪਹਿਲਾਂ ਕਾਊਂਟਰ ਦਾ ਚੱਕਰ ਲਾਇਆ ਤੇ ਫਿਰ ਭੱਜਣ ਤੋਂ ਪਹਿਲਾਂ ਉਹ ਆਪਣੇ ਨਾਲ ਥੋੜ੍ਹੀ ਨਕਦੀ ਲੈ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਕੋਲ ਕੋਈ ਹਥਿਆਰ ਨਹੀਂ ਸੀ ਤੇ ਸਟੋਰ ਉੱਤੇ ਮੌਜੂਦ ਕਰਮਚਾਰੀ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਪਰ ਉਹ ਬਹੁਤ ਜ਼ਿਆਦਾ ਘਬਰਾਇਆ ਹੋਇਆ ਜ਼ਰੂਰ ਸੀ। ਪੁਲਿਸ ਨੇ ਦੱਸਿਆ ਕਿ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਹੈ।

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
➡Automatic & Manual Trucks
○1:1 Training
➡Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਭਗਵੰਤ ਮਾਨ ਤੇ ਬ੍ਰਹਮਪੁਰਾ ਦੀ ਬੈਠਕ ਦੌਰਾਨ 'ਆਪ'-ਟਕਸਾਲੀ ਗਠਜੋੜ ਦੇ ਸੰਕੇਤ ਉੱਭਰੇ



ਅੰਮ੍ਰਿਤਸਰ, 7 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਭਗਵੰਤ ਮਾਨ ਅਤੇ ਟਕਸਾਲੀ ਅਕਾਲੀ ਆਗੂਆਂ ਵਿਚਾਲੇ ਬੀਤੀ ਰਾਤ ਅੰਮ੍ਰਿਤਸਰ ਵਿਖੇ ਮੀਟਿੰਗ ਤੋਂ ਨਵੇਂ ਗੱਠਜੋੜ ਦੇ ਸੰਕੇਤ ਮਿਲੇ ਹਨ। ਇਹ ਮੀਟਿੰਗ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਦੇ ਘਰ ਕਰੀਬ ਇਕ ਘੰਟਾ ਚੱਲੀ, ਜਿੱਥੇ ਦੋਵੇਂ ਪਾਰਟੀਆਂ ਵਿਚਾਲੇ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਗਠਜੋੜ ਦੀ ਗੱਲਬਾਤ ਹੋਈ ਹੈ। ਇਸ ਬਾਰੇ ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਏਦਾਂ ਦੀਆਂ ਕਈ ਮੀਟਿੰਗਾਂ ਹੋ ਸਕਦੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਖਹਿਰਾ ਧੜੇ ਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਬੈਂਸ ਭਰਾਵਾਂ ਨਾਲ ਵੀ ਸਾਡੀ ਕਈ ਵਾਰ ਮੀਟਿੰਗ ਹੋ ਚੁੱਕੀ ਹੈ ਅਤੇ ਆਸ ਹੈ ਕਿ ਜਿੰਨੀਆਂ ਵੀ ਸਿਆਸੀ ਜਮਾਤਾਂ ਕਾਂਗਰਸ ਅਤੇ ਬਾਦਲਾਂ ਦੇ ਖਿਲਾਫ ਹਨ, ਉਹ ਇਕ ਮੰਚ ਉੱਤੇ ਇਕੱਠੀਆਂ ਹੋ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਇਹ ਮੁਲਾਕਾਤ ਗੁਪਤ ਢੰਗ ਨਾਲ ਕੀਤੀ ਗਈ ਅਤੇ ਭਗਵੰਤ ਮਾਨ ਨੇ ਕਿਸੇ ਨੂੰ ਇਸ ਬਾਰੇ ਭਿਣਕ ਤੱਕ ਨਹੀਂ ਸੀ ਲੱਗਣ ਦਿੱਤੀ, ਫਿਰ ਵੀ ਮੀਡੀਆ ਨੂੰ ਗੱਲ ਪਹੁੰਚ ਗਈ। ਖਾਸ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਬਣਨ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਆਗੂਆਂ ਦੀ ਗੱਲ ਆਮ ਆਦਮੀ ਪਾਰਟੀ ਵਿੱਚੋਂ ਬਾਗੀ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਵੀ ਚੱਲੀ ਸੀ। ਇਹ ਸੰਕੇਤ ਸੁਖਪਾਲ ਸਿੰਘ ਖਹਿਰਾ ਨੇ ਤਲਵੰਡੀ ਸਾਬੋ ਤੋਂ ਪਟਿਆਲਾ ਤਕ ਦੇ ਰੋਸ ਮਾਰਚ ਦੇ ਵੱਖ-ਵੱਖ ਜਲਸਿਆਂ ਵਿੱਚ ਖੁਦ ਦਿੱਤੇ ਸਨ। ਉਨ੍ਹਾਂ ਸੰਕੇਤਾਂ ਤੋਂ ਲੱਗਦਾ ਸੀ ਕਿ ਉਨ੍ਹਾਂ ਅੱਗੇ ਟਕਸਾਲੀ ਆਗੂਆਂ ਨੇ ਇਹ ਸ਼ਰਤ ਰੱਖੀ ਸੀ ਕਿ ਨਵੀਂ ਬਣ ਰਹੀ ਪਾਰਟੀ ਦਾ ਨਾਮ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਰੱਖਿਆ ਜਾਵੇ, ਪਰ ਇਹ ਸ਼ਰਤ ਦੋਵੇਂ ਬੈਂਸ ਭਰਾਵਾਂ ਨੇ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਰੋਸ ਮਾਰਚ ਵਿੱਚ ਪਿੰਡ ਕੁੱਬੇ ਦੇ ਲੋਕਾਂ ਦੇ ਇਕੱਠ ਤੋਂ ਸੁਖਪਾਲ ਸਿੰਘ ਖਹਿਰਾ ਨੇ ਪੁੱਛਿਆ ਸੀ ਕਿ ਮੇਰੇ ਵੱਲੋਂ ਬਣਾਈ ਜਾ ਰਹੀ ਪਾਰਟੀ ਦਾ ਨਾਂ ਜੇ ਸ਼੍ਰੋਮਣੀ ਅਕਾਲੀ ਦਲ ਦੇ ਪਿੱਛੇ ਹੋਰ ਨਾਮ ਲਾ ਕੇ ਰੱਖ ਲਈਏ ਤਾਂ ਕਿਵੇਂ ਲੱਗੇਗਾ। ਇਹ ਸੁਣ ਕੇ ਪੰਡਾਲ ਵਿੱਚ ਬੈਠੇ ਲੋਕਾਂ ਨੇ ਸਖ਼ਤ ਵਿਰੋਧ ਕੀਤਾ ਸੀ। ਇਸ ਵੇਲੇ ਜਦੋਂ ਆਮ ਆਦਮੀ ਪਾਰਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨਾਲ ਸਮਝੌਤੇ ਦੀ ਗੱਲ ਚੱਲੀ ਹੈ ਤਾਂ ਉਸ ਦੇ ਪਿੱਛੇ ਦੋਵਾਂ ਪਾਰਟੀਆਂ ਦੀ ਮਜਬੂਰੀ ਸਮਝੀ ਗਈ ਹੈ ਕਿ ਦੁਆਬੇ ਅਤੇ ਮਾਝੇ ਵਿੱਚ ਆਮ ਆਦਮੀ ਪਾਰਟੀ ਦਾ ਆਧਾਰ ਕਮਜ਼ੋਰ ਹੈ ਅਤੇ ਮਾਲਵੇ ਵਿੱਚ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨਹੀਂ ਲੱਭਦਾ।

# ਖਹਿਰਾ ਦਾ ਐਲਾਨ: ਪੰਜਾਬੀ ਏਕਤਾ ਪਾਰਟੀ ਬਣਾਵਾਂਗਾ, ਪਰ ਵਿਧਾਇਕੀ ਛੱਡਣ ਬਾਰੇ ਚੁੱਪ ਰੱਖੀ



ਚੰਡੀਗੜ੍ਹ, 7 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇਣ ਪਿੱਛੋਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਉਹ ਵਿਧਾਇਕ ਦੇ ਅਹੁਦੇ ਤੋਂ ਹਾਲ ਦੀ ਘੜੀ ਅਸਤੀਫਾ ਨਹੀਂ ਦੇਣਗੇ।

ਅੱਜ ਚੰਡੀਗੜ੍ਹ ਵਿੱਚ ਆਪਣੀ ਰਿਹਾਇਸ਼ ਉੱਤੇ ਪ੍ਰੈਸ ਕਾਨਫਰੰਸ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਵਿਧਾਇਕ ਵਜੋਂ ਅਸਤੀਫਾ ਦੇਣ ਬਾਰੇ ਇੱਕ ਸਵਾਲ ਉੱਤੇ ਕਿਹਾ ਕਿ ਕਿਸੇ ਨੂੰ ਬਹੁਤੀ ਤਕਲੀਫ਼ ਹੈ ਤਾਂ ਮੇਰੇ ਵਿਰੁੱਧ ਵਿਧਾਨ ਸਭਾ ਸਪੀਕਰ ਨੂੰ ਸ਼ਿਕਾਇਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਦਲ-ਬਦਲੀ ਕਾਨੂੰਨ ਦੀਆਂ ਕਈ ਧਾਰਾਵਾਂ ਦੀ ਬਹੁਤੇ ਲੀਡਰ ਪਰਵਾਹ ਨਹੀਂ ਕਰਦੇ। ਇਹ ਕਾਨੂੰਨ ਵਿਧਾਇਕੀ ਅਹੁਦਾ ਰੱਖਣ ਜਾਂ ਨਾ ਰੱਖਣ ਬਾਰੇ ਉਨ੍ਹਾਂ ਉੱਤੇ ਬਿਲਕੁਲ ਲਾਗੂ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਨਵੀਂ ਪਾਰਟੀ ਦਾ ਐਲਾਨ ਕਰਨ ਲਈ ਉਨ੍ਹਾਂ ਨਾਲ ਛੇ ਵਿਧਾਇਕ ਡਟ ਕੇ ਖੜ੍ਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਮਾਸਟਰ ਬਲਦੇਵ ਸਿੰਘ ਛੇਤੀ ਹੀ ਪਾਰਟੀ ਤੋਂ ਅਸਤੀਫ਼ਾ ਦੇਣਗੇ। ਖਹਿਰਾ ਨੇ ਕਿਹਾ ਕਿ ਜੇ ਆਮ ਆਦਮੀ ਪਾਰਟੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਅਹੁਦਾ ਛੱਡਣਾ ਚਾਹੁੰਦੀ ਹੈ ਤਾਂ ਉਸ ਦੇ ਸਾਥੀ ਵਿਧਾਇਕ ਅਸਤੀਫ਼ਾ ਦੇਣ ਨੂੰ ਤਿਆਰ ਹਨ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਲੋਕ ਸਭਾ ਉਮੀਦਵਾਰ ਖੜ੍ਹੇ ਕਰਨ ਬਾਰੇ ਫੈਸਲਾ ਗਿਆਰਾਂ ਅਤੇ ਬਾਰਾਂ ਜਨਵਰੀ ਨੂੰ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੀ ਮੀਟਿੰਗ ਵਿਚ ਲੁਧਿਆਣਾ ਵਿਖੇ ਲਵਾਂਗੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਅਤੇ ਉਸ ਦੀ ਪਾਰਟੀ ਆਪਣਾ ਘਰ ਫੂਕ ਕੇ ਦੂਸਰਿਆਂ ਦਾ ਸਾਥ ਲੱਭਣ ਚੱਲ ਪਈ ਹੈ ਜਿਸ ਕਾਰਨ ਮਾਨ ਨੇ ਅੱਜ ਟਕਸਾਲੀ ਆਗੂਆਂ ਨਾਲ ਵੀ ਬੈਠਕ ਕੀਤੀ ਹੈ। ਖਹਿਰਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਹੁਦੇ ਦਾ ਭੁੱਖਾ ਹੈ, ਛੇ ਸਾਲ ਤੋਂ ਪਾਰਟੀ ਪ੍ਰਧਾਨ ਬਣਿਆ ਹੈ ਅਤੇ ਮੁੱਖ ਮੰਤਰੀ ਵੀ ਹੈ, ਪਰ ਦੂਸਰਿਆਂ ਉੱਤੇ ਅਹੁਦਿਆਂ ਦੇ ਭੁੱਖੇ ਹੋਣ ਦਾ ਦੋਸ਼ ਲਾ ਰਿਹਾ ਹੈ।

ਪ੍ਰੈਸ ਕਾਨਫਰੰਸ ਦੌਰਾਨ ਮਾਸਟਰ ਬਲਦੇਵ ਸਿੰਘ ਬਾਰੇ ਵਿਧਾਇਕ ਖਹਿਰਾ ਨੇ ਕਿਹਾ ਕਿ ਉਹ ਇੱਥੋਂ ਅਸਤੀਫ਼ਾ ਦੇ ਕੇ ਉਨ੍ਹਾਂ ਦੀ ਨਵੀਂ ਪਾਰਟੀ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਲਈ ਉਮੀਦਵਾਰ ਹੋਣਗੇ।

# ਸ਼ਿਵ ਸੈਨਾ ਵੱਲੋਂ ਭਾਜਪਾ ਪ੍ਰਧਾਨ ਨੂੰ ਸਿੱਧੇ ਚੋਣ ਭੇੜ ਦੀ ਧਮਕੀ

### * ਭਾਜਪਾ ਉੱਤੇ ਵੋਟ ਮਸ਼ੀਨਾਂ ਨਾਲ ਗਠਜੋੜ ਦਾ ਦੋਸ਼ ਲਾਇਆ

ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸ਼ਿਵ ਸੈਨਾ ਤੇ ਭਾਜਪਾ ਦਾ ਵਿਵਾਦ ਹੋਰ ਅੱਗੇ ਵਧ ਗਿਆ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਬਿਆਨ ਉੱਤੇ ਪਲਟਵਾਰ ਕਰਦੇ ਹੋਏ ਸ਼ਿਵ ਸੈਨਾ ਨੇ ਕਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਇਸ ਗਠਜੋੜ ਬਾਰੇ ਭਾਜਪਾ ਪ੍ਰਧਾਨ ਦੇ ਬਿਆਨ ਤੋਂ ਸਾਫ ਹੈ ਕਿ ਉਹਨਾਂ ਨੂੰ ਹਿੰਦੂਤਵ ਵਿਚ ਯਕੀਨ ਰੱਖਦੇ ਲੋਕਾਂ ਨਾਲ ਕੰਮ ਕਰਨ ਵਿਚ ਖਾਸ ਦਿਲਚਸਪੀ ਨਹੀਂ, ਭਾਜਪਾ ਨੂੰ ਬਿਜਲੀ ਵੋਟਿੰਗ ਮਸ਼ੀਨਾਂ (ਈ ਵੀ ਐਮ) ਉੱਤੇ ਵੱਧ ਭਰੋਸਾ ਹੈ, ਇਸ ਲਈ ਸ਼ਿਵ ਸੈਨਾ ਇਕੱਲੇ ਚੋਣ ਲੜਨ ਲਈ ਤਿਆਰ ਹੈ।

ਐਨ ਡੀ ਏ ਗੱਠਜੋੜ ਦੀ ਅਕਾਲੀ ਦਲ ਵਾਂਗ ਸਭ ਤੋਂ ਪੁਰਾਣੀ ਸਹਿਯੋਗੀ ਧਿਰ ਸ਼ਿਵ ਸੈਨਾ ਨੇ ਸਾਫ ਕਰ ਦਿਤਾ ਹੈ ਕਿ ਭਾਜਪਾ ਦਾ ਪੱਖ ਸਾਫ ਨਹੀਂ, ਇਸ ਲਈ ਉਹ ਵੀ ਪ੍ਰਵਾਹ ਨਹੀਂ ਕਰੇਗੀ। ਵਰਨਣ ਯੋਗ ਹੈ ਕਿ ਅਮਿਤ ਸ਼ਾਹ ਨੇ ਇੱਕ ਦਿਨ ਪਹਿਲਾਂ ਮਹਾਰਾਸ਼ਟਰ ਦੇ ਲਾਤੂਰ ਵਿਖੇ ਸ਼ਿਵ ਸੈਨਾ ਦਾ ਨਾਂਅ ਲਏ ਬਿਨਾਂ ਚਿਤਾਵਨੀ ਦਿਤੀ ਸੀ ਕਿ ਜੇ ਗਠਜੋੜ ਹੁੰਦਾ ਹੈ ਤਾਂ ਭਾਜਪਾ ਅਪਣੇ ਸਹਿਯੋਗੀ ਦਲਾਂ ਦੀ ਜਿੱਤ ਯਕੀਨੀ ਬਣਾਵੇਗੀ ਤੇ ਜੇ ਨਹੀਂ ਹੁੰਦਾ ਤਾਂ ਪਾਰਟੀ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਅਪਣੇ ਸਾਬਕਾ ਸਹਿਯੋਗੀਆਂ ਨੂੰ ਕਰਾਰੀ ਹਾਰ ਦੇਵੇਗੀ। ਸ਼ਿਵ ਸੈਨਾ ਨੇ ਸ਼ਾਹ ਦੇ ਇਸ ਬਿਆਨ ਉੱਤੇ ਵਾਰ ਕਰਦੇ ਹੋਏ ਕਿਹਾ ਕਿ ਇਸ ਭੜਕਾਊ ਬਿਆਨ ਨਾਲ ਉਸ ਦੀ ਤੇ ਉਸ ਦੀ ਪਾਰਟੀ ਦੀ ਸੋਚ ਬਾਹਰ ਆ ਗਈ ਹੈ। ਸ਼ਿਵ ਸੈਨਾ ਨੇ ਕਿਹਾ ਕਿ ਪੰਜ ਰਾਜਾਂ ਦੇ ਨਤੀਜਿਆਂ ਨੇ ਸਾਫ ਕਰ ਦਿਤਾ ਹੈ ਕਿ ਲੋਕਾਂ ਨੇ ਭਾਜਪਾ ਆਗੂਆਂ ਨੂੰ ਉਹਨਾਂ ਦੀ ਥਾਂ ਦਿਖਾਉਣੀ ਸ਼ੁਰੂ ਕਰ ਦਿਤੀ ਹੈ, ਪਰ ਭਾਜਪਾ ਪ੍ਰਧਾਨ ਦੇ ਘੱਟੋ ਘੱਟ 40 ਸੀਟਾਂ ਉੱਤੇ ਜਿੱਤ ਦੇ ਦਾਅਵੇ ਨੇ ਸਾਫ ਕਰ ਦਿਤਾ ਹੈ ਕਿ ਉਹ ਈ ਵੀ ਐਮ ਮਸ਼ੀਨਾਂ ਨਾਲ ਗਠਜੋੜ ਕਰਨ ਦਾ ਮਨ ਬਣਾਈ ਬੈਠੇ ਹਨ।

# ਕੈਪਟਨ ਅਮਰਿੰਦਰ ਸਿੰਘ ਨੇ ਕਿਹਾ: ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਵਜੂਦ ਖਤਮ, ਗਠਜੋੜ ਦੀ ਲੋੜ ਹੀ ਨਹੀਂ



ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਇਸ ਵੇਲੇ ਪੰਜਾਬ ਵਿਚ ਤਿੰਨ ਥਾਈਂ ਵੰਡੀ ਗਈ ਹੈ ਤੇ ਇਸ ਪਾਰਟੀ ਦਾ ਏਥੇ ਕੋਈ ਵਜੂਦ ਨਹੀਂ ਰਹਿ ਗਿਆ। ਇਸ ਲਈ ਏਥੇ ਇਸ ਨਾਲ ਗਠਜੋੜ ਦੀ ਲੋੜ ਨਹੀਂ। ਨਵੀਂ ਦਿੱਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਆਪਣੇ ਬਲਬੂਤੇ ਸਾਰੀਆਂ 13 ਸੀਟਾਂ ਜਿੱਤ ਸਕਦੀ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਦੀ ਹਾਈ ਕਮਾਨ ਦਿੱਲੀ ਵਿਚ ਅਤੇ ਆਮ ਆਦਮੀ ਪਾਰਟੀ ਪੰਜਾਬ ਅਤੇ ਹਰਿਆਣਾ ਵਿੱਚ ਗਠਜੋੜ ਦੇ ਰਾਹ ਲੱਭ ਰਹੀ ਹੈ। ਇਨ੍ਹਾਂ ਕੋਸ਼ਿਸ਼ਾਂ ਦੇ ਦੌਰਾਨ ਦਿੱਲੀ ਕਾਂਗਰਸ ਦੇ ਪ੍ਰਧਾਨ ਅਜੇ ਮਾਕਨ ਦਾ ਅਸਤੀਫਾ ਲਿਆ ਗਿਆ ਹੈ ਅਤੇ ਆਮ ਆਦਮੀ ਪਾਰਟੀ ਦੇ ਆਗੂ ਐਚ ਐੱਸ ਫੂਲਕਾ ਨੇ ਵੀ ਇਸੇ ਨੇੜਤਾ ਦੇ ਵਿਰੋਧ ਕਾਰਨ ਇਸ ਪਾਰਟੀ ਤੋਂ ਅਸਤੀਫਾ ਦਿੱਤਾ ਹੈ। ਫਿਰ ਵੀ ਦੋਵਾਂ ਪਾਰਟੀਆਂ ਵਿਚਾਲੇ ਸੀਟਾਂ ਦੇ ਤਾਲਮੇਲ ਦੀ ਸਹਿਮਤੀ ਨਹੀਂ ਬਣ ਸਕੀ, ਪਰ ਮੰਨਿਆ ਜਾ ਰਿਹਾ ਹੈ ਕਿ ਦੋਵਾਂ ਪਾਰਟੀਆਂ ਦਾ ਤਾਲਮੇਲ ਹਾਲੇ ਵੀ ਹੋ ਸਕਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਵਾਰ ਇਸ ਮੁੱਦੇ ਉੱਤੇ ਨਰਮੀ ਵਰਤਦਿਆਂ ਕਿਹਾ ਕਿ ਹਾਈ ਕਮਾਨ ਜੋ ਫੈਸਲਾ ਕਰੇਗੀ, ਉਹ ਪੰਜਾਬ ਦੀ ਪਾਰਟੀ ਨੂੰ ਮਨਜ਼ੂਰ ਹੋਵੇਗਾ। ਆਮ ਆਦਮੀ ਪਾਰਟੀ ਪਿਛਲੀ ਵਾਰ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਤੋਂ ਚਾਰ ਸੀਟਾਂ ਜਿੱਤ ਗਈ ਤੇ ਦਿੱਲੀ ਦੀਆਂ ਸਾਰੀਆਂ ਸੱਤ ਸੀਟਾਂ ਉੱਤੇ ਦੂਸਰੇ ਨੰਬਰ ਦੀ ਪਾਰਟੀ ਬਣ ਕੇ ਉੱਭਰੀ ਸੀ। ਕਾਂਗਰਸ ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਦੋ ਸੀਟਾਂ ਛੱਡਣਾ ਮੰਨ ਕੇ ਪੰਜਾਬ ਤੋਂ ਚਾਰ ਅਤੇ ਹਰਿਆਣਾ ਵਿਚੋਂ ਦੋ ਸੀਟਾਂ ਛੱਡਣ ਉੱਤੇ ਸਹਿਮਤ ਹੋ ਰਹੀ ਹੈ। ਆਮ ਆਦਮੀ ਪਾਰਟੀ ਇਨ੍ਹਾਂ ਰਾਜਾਂ ਦੀਆਂ ਕੁੱਲ 30 ਸੀਟਾਂ ਵਿਚੋਂ 15 ਦੀ ਮੰਗ ਕਰ ਰਹੀ ਹੈ। ਸਮਝਿਆ ਜਾਂਦਾ ਹੈ ਕਿ ਕਾਂਗਰਸ ਪਾਰਟੀ ਤਿੰਨ ਰਾਜਾਂ ਤੋਂ ਆਮ ਆਦਮੀ ਪਾਰਟੀ ਲਈ ਕੁੱਲ ਮਿਲਾ ਕੇ 8 ਜਾਂ 9 ਸੀਟਾਂ ਛੱਡਣ ਉੱਤੇ ਮੰਨ ਸਕਦੀ ਹੈ।

ਇਸ ਸੰਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪਿਛਲੀਆਂ ਪਾਰਲੀਮੈਂਟ ਚੋਣਾਂ ਦੇ ਮੁਕਾਬਲੇ ਅੱਜ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਹੋਂਦ ਨਹੀਂ ਰਹੀ, ਪਰ ਗੱਠਜੋੜ ਦਾ ਫੈਸਲਾ ਪਾਰਟੀ ਹਾਈ ਕਮਾਨ ਨੇ ਕਰਨਾ ਹੈ। ਉਨ੍ਹਾਂ ਭਰੋਸਾ ਪ੍ਰਗਟ ਕੀਤਾ ਕਿ ਕਾਂਗਰਸ ਇਸ ਰਾਜ ਤੋਂ ਸਾਰੀਆਂ 13 ਲੋਕ ਸਭਾ ਸੀਟਾਂ ਜਿੱਤੇਗੀ। ਉਨ੍ਹਾਂ ਕਿਹਾ ਕਿ ਜਿੱਤਣ ਦੀ ਆਸ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ, ਪਰ ਹਾਲੇ ਇਹ ਚੋਣ ਨਹੀਂ ਕੀਤੀ ਗਈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਮੌਕੇ ਕਰਤਾਰਪੁਰ ਲਾਂਘੇ ਬਾਰੇ ਕਿਹਾ ਕਿ ਪਾਕਿਸਤਾਨ ਨੇ ਆਪਣੇ ਪਾਸੇ ਦੀ ਸੜਕ ਬਣਾਉਣੀ ਸ਼ੁਰੂ ਕਰ ਦਿੱਤੀ ਹੈ, ਭਾਰਤੀ ਪੰਜਾਬ ਵੱਲ ਇਹ ਕੰਮ ਇਸ ਲਈ ਨਹੀਂ ਸ਼ੁਰੂ ਹੋ ਸਕਿਆ ਕਿ ਜ਼ਮੀਨ ਅਕੁਆਇਰ ਕਰਨ ਅਤੇ ਬੁਨਿਆਦੀ ਕੰਮ ਲਈ ਸਾਨੂੰ ਕੇਂਦਰ ਤੋਂ ਫੰਡ ਨਹੀਂ ਮਿਲਿਆ। ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਪਾਕਿਸਤਾਨ ਜਾਣ ਦੀ ਖੁੱਲ੍ਹ ਉਨ੍ਹਾਂ ਹੀ ਦਿੱਤੀ ਸੀ, ਤਾਂ ਜੋ ਕਰਤਾਰਪੁਰ ਲਾਂਘੇ ਦੀ ਗੱਲ ਚੱਲ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਆਗਿਆ ਬਿਨਾਂ ਕੋਈ ਮੰਤਰੀ ਕਿਤੇ ਨਹੀਂ ਜਾਂਦਾ, ਨਵਜੋਤ ਸਿੱਧੂ ਨਿੱਜੀ ਤੌਰ ਉੱਤੇ ਜਾਣਾ ਚਾਹੁੰਦੇ ਸਨ ਤੇ ਉਨ੍ਹਾਂ ਨੇ ਇਸ ਦੀ ਆਗਿਆ ਦੇ ਦਿੱਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਵਜੋਤ ਸਿੱਧੂ ਨੂੰ ਨਾ ਜਾਣ ਦੀ ਸਲਾਹ ਦਿੱਤੀ ਸੀ, ਕਿਉਂਕਿ ਉਨ੍ਹਾਂ ਨੇ ਖੁਦ ਵੀ ਪਾਕਿਸਤਾਨ ਤੋਂ ਮਿਲਿਆ ਸੱਦਾ ਰੱਦ ਕਰ ਦਿੱਤਾ ਸੀ।

# ਟਰੈਵਲ ਹੱਬ ਦੇ ਮਾਲਕ ਪਿਤਾ-ਪੁੱਤਰ ਨੇ ਦੁਬਈ ਦੇ ਬਹਾਨੇ ਠੱਗੀ ਮਾਰ ਲਈ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਬਸ ਸਟੈਂਡ ਜਲੰਧਰ ਦੇ ਕੋਲ ਕਾਦੀਆਂ ਟਾਵਰ ਵਿੱਚ ਟਰੈਵਲ ਹੱਬ ਦੇ ਮਾਲਕ ਤੇ ਉਸ ਦੇ ਬੇਟੇ ਖਿਲਾਫ ਥਾਣਾ ਨੰਬਰ ਛੇ ਵਿੱਚ ਧੋਖਾਦੇਹੀ ਦਾ ਕੇਸ ਦਰਜ ਕੀਤਾ ਗਿਆ ਹੈ। ਪਿਤਾ-ਪੁੱਤਰ ਨੇ ਇੱਕ ਨੌਜਵਾਨ ਨੂੰ ਦੁਬਈ ਦਾ ਝਾਂਸਾ ਦੇ ਕੇ 1.70 ਲੱਖ ਰੁਪਏ ਠੱਗ ਲਏ ਸਨ। ਕੇਸ ਵਿੱਚ ਨਾਮਜ਼ਦ ਕੀਤੇ ਗਏ ਰਾਜ ਕੁਮਾਰ ਸ਼ਰਮਾ ਅਤੇ ਉਸ ਦਾ ਬੇਟਾ ਵਿਕਰਮ ਉਰਫ ਵਿੱਕੀ ਸ਼ਰਮਾ ਵਾਸੀ 124 ਅਮਨ ਨਗਰ ਟਾਂਡਾ ਰੋਡ ਦੋਵੇਂ ਫਰਾਰ ਹਨ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਸਵਿੰਦਰ ਸਿੰਘ ਪੁੱਤਰ ਕਰਮ ਸਿੰਘ, ਡਰੋਲੀ ਕਲਾਂ, ਆਦਮਪੁਰ ਨੇ ਦੱਸਿਆ ਕਿ ਉਸ ਨੇ ਆਪਣੇ ਭਾਣਜੇ ਜੀਵਨ ਜੋਤ ਨੂੰ ਦੁਬਈ ਭੇਜਣ ਲਈ ਟਰੈਵਲ ਹੱਬ ਦੇ ਏਜੰਟ ਵਿਕਰਮ ਵਿੱਕੀ ਅਤੇ ਉਸ ਦੇ ਪਿਤਾ ਰਾਜ ਕੁਮਾਰ ਨਾਲ ਸੰਪਰਕ ਕੀਤਾ ਸੀ, ਜਿਨ੍ਹਾਂ ਨੇ ਜੀਵਨ ਜੋਤ ਨੂੰ ਦੁਬਈ ਵਿੱਚ ਦੋ ਸਾਲ ਦੇ ਵਰਕ ਪਰਮਿਟ ਉਤੇ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਕੋਲੋਂ 1.70 ਲੱਖ ਰੁਪਏ ਦੀ ਮੰਗ ਕੀਤੀ, ਪਰ ਪੈਸੇ ਲੈਣ ਪਿੱਛੋਂ ਉਨ੍ਹਾਂ ਨੂੰ ਲਾਰੇ ਲਾਉਂਦੇ ਰਹੇ ਤੇ ਉਨ੍ਹਾਂ ਦੇ ਭਾਣਜੇ ਨੂੰ ਵਿਦੇਸ਼ ਨਹੀਂ ਭੇਜਿਆ। ਜਦੋਂ ਉਨ੍ਹਾਂ ਨੇ ਪੈਸੇ ਮੰਗੇ ਤਾਂ ਟਰੈਵਲ ਏਜੰਟ ਨੇ ਮਨ੍ਹਾ ਕਰ ਦਿੱਤਾ। ਪੁਲਸ ਨੂੰ ਸ਼ਿਕਾਇਤ ਦੇਣ ਦੀ ਗੱਲ ਕਹੀ ਤਾਂ ਦੋਵੇਂ ਏਜੰਟ ਪੈਸੇ ਦੇਣਾ ਮੰਨੇ, ਪਰ ਪੈਸੇ ਨਹੀਂ ਮੋੜੇ। ਇਸ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਥਾਣਾ ਨੰਬਰ 6 ਵਿੱਚ ਵਿਕਰਮ ਵਿੱਕੀ ਤੇ ਉਸ ਦੇ ਪਿਤਾ ਰਾਜ ਕੁਮਾਰ ਸ਼ਰਮਾ 'ਤੇ ਧੋਖਾਦੇਹੀ ਦਾ ਕੇਸ ਦਰਜ ਕਰ ਲਿਆ ਗਿਆ। ਥਾਣਾ ਨੰਬਰ 6 ਦੇ ਇੰਚਾਰਜ ਓਂਕਾਰ ਸਿੰਘ ਬਰਾੜ ਦੇ ਮੁਤਾਬਕ ਅਜੇ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ।

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000 — Photo Not Available — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000 — 148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $199,000 — 545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਉਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000 — Photo Not Available — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — Photo Not Available — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900 — 703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — Photo Not Available — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana ICCRC

Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre
Specializing in:
• Collision • Custom Painting
• Mechanical Service
• [illegible]
• Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

## ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕਿਹਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



ਔਕਲੈਂਡ, 6 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਸਿੱਖ ਕੌਮ ਦੇ ਅਣਮੁੱਲੇ ਹੀਰੇ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕਿਹਰ ਜਿਨ੍ਹਾਂ ਨੇ ਜੂਨ 1984 ਵੇਲੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਅ-ਢੇਰੀ ਕਰਨ, ਸ੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਦਾਗਣ, ਸੈਂਕੜੇ ਸੰਗਤਾਂ ਨੂੰ ਗੁਰਪੁਰਬ ਮੌਕੇ ਤੋਪਾਂ ਟੈਂਕਾਂ ਤੇ ਗੋਲੀਆਂ ਨਾਲ ਮਾਰਨ ਵਾਲੀ ਭਾਰਤ ਦੀ ਪ੍ਰਧਾਨ ਮੰਤਰੀ ਇੰ-ਦਰਾ ਗਾਂਧੀ ਨੂੰ ਅੰਨ੍ਹੇਵਾਹ ਗੋਲੀਆ ਦਾਗ ਕੇ ਚਿੱਤ ਕਰ ਦਿੱਤਾ ਸੀ, ਦੀ ਅੱਜ ਸਾਂਝੇ ਰੂਪ 30ਵੀਂ ਬਰਸੀ ਮਨਾਈ ਗਈ। ਸ਼ਹੀਦ ਬੇਅੰਤ ਸਿੰਘ ਭਾਵੇਂ 31 ਅਕਤੂਬਰ 1984 ਨੂੰ ਹੀ ਗ੍ਰਿਫਤਾਰੀ ਮੌਕੇ ਸ਼ਹੀਦ ਕਰ ਦਿੱਤੇ ਗਏ ਸਨ, ਪਰ ਭਾਈ ਸਤੰਵਤ ਸਿੰਘ ਅਤੇ ਭਾਈ ਕਿਹਰ ਸਿੰਘ ਨੂੰ ਲੰਬੇ ਅਦਾਲਤੀ ਚੱਕਰਾਂ ਦੇ ਵਿਚ ਫਸਾ ਕੇ ਅਤੇ ਬੇਹੱਦ ਤਸੀਹੇ ਦੇ ਕੇ 6 ਜਨਵਰੀ 1989 ਨੂੰ ਫਾਂਸੀ ਦੇ ਤਖਤੇ ਉਤੇ ਲਟਕਾ ਦਿੱਤਾ ਗਿਆ ਸੀ। ਅੱਜ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (ਪਾਤਸ਼ਾਹੀ ਛੇਵੀਂ) ਵੀਰੀ ਸਟੇਸ਼ਨ ਰੋਡ, ਮੈਨੁਕਾਓ (ਔਕਲੈਂਡ) ਵਿਖੇ ਇਨ੍ਹਾਂ ਸ਼ਹੀਦਾਂ ਨੂੰ ਕੀਰਤਨ ਗਾਇਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਭਾਈ ਬਚਿਤਰ ਸਿੰਘ ਨੇ ਹੋਰ ਸਿੰਘਾਂ ਦੇ ਨਾਲ ਸ਼ਬਦ ਕੀਰਤਨ ਕੀਤਾ ਜਦ ਕਿ ਭਾਈ ਗੁਰਿੰਦਰਪਾਲ ਸਿੰਘ ਹੋਰਾਂ ਨੇ ਪਹਿਲਾਂ ਦਸਮ ਪਾਤਸ਼ਾਹਿ ਦੀ ਕਾਵਿ ਜੀਵਨ-ਗਾਥਾ ਨੂੰ ਕਥਾ ਰੂਪ ਵਿਚ ਸਰਵਣ ਕਰਵਾਇਆ ਅਤੇ ਫਿਰ ਭਾਈ ਸਤਵੰਤ ਸਿੰਘ ਹੋਰਾਂ ਦੇ ਜੀਵਨ ਪ੍ਰਸੰਗ ਨੂੰ ਸੰਖੇਪ ਰੂਪ ਵਿਚ ਸੰਗਤਾਂ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦਾ ਜੀਵਨ ਇਤਿਹਾਸ ਬਹੁਤ ਲੰਬਾ ਤੇ ਤਸੀਹਿਆਂ ਭਰਿਆ ਹੈ। ਇਨ੍ਹਾਂ ਜੋਧਿਆਂ ਨੇ ਉਸ ਸਮੇਂ ਸਿੱਖ ਕੌਮ ਦੀ ਅਣਖੀ ਦਸਤਾਰ ਨੂੰ ਵੰਗਾਰਨ ਵਾਲੀ ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਨੂੰ ਢਹਿ ਢੇਰੀ ਕਰਕੇ ਕੌਮ ਦੇ ਸਿਰ ਹੋਰ ਸੋਹਣਾ ਸਜਾ ਦਿੱਤਾ ਸੀ, ਜਿਸ ਕਰਕੇ ਇਹ ਸ਼ਹੀਦ ਸਦਾ ਕੌਮ ਦੇ ਹੀਰੇ ਅਖਵਾਉਂਦੇ ਰਹਿਣਗੇ। ਸੰਗਤ ਨੇ ਜੋਸ਼ ਦੇ ਵਿਚ ਆ ਕੇ ਜੈਕਾਰੇ ਵੀ ਗਜਾਏ ਅਤੇ ਸਿੱਖੀ ਪ੍ਰੰਪਰਾਵਾਂ ਦੇ ਜ਼ਜਬੇ ਆਪਣੇ ਅੰਦਰ ਮਹਿਸੂਸ ਕੀਤੇ। ਅੱਜ ਗੁਰੂ ਕੇ ਲੰਗਰਾਂ ਦੀ ਸੇਵਾ ਭਾਈ ਸਰਵਣ ਸਿੰਘ ਅਗਵਾਨ ਦੇ ਸਮੁੱਚੇ ਪਰਿਵਾਰ ਵੱਲੋਂ ਕਰਵਾਈ ਗਈ ਸੀ।ਭਾਈ ਸਰਵਣ ਸਿੰਘ ਕੈਨੇਡਾ ਵਿਖੇ ਮਨਾਏ ਜਾ ਰਹੇ ਸ਼ਹੀਦੀ ਦਿਹਾੜੇ ਦੇ ਵਿਚ ਸ਼ਾਮਿਲ ਹੋਣ ਲਈ ਗਏ ਹੋਏ ਹਨ ਜਦ ਕਿ ਪਿੰਡ ਅਗਵਾਨ ਜ਼ਿਲ੍ਹਾ ਗੁਰਦਾਸਪੁਰ ਵਿਖੇ ਵੀ ਪਰਿਵਾਰਕ ਮੈਂਬਰ ਪਹੁੰਚੇ ਹੋਏ ਹਨ। ਬੀਬੀ ਸੁਰਿੰਦਰ ਕੌਰ ਜਿਨ੍ਹਾਂ ਨੇ ਸ਼ਹੀਦ ਭਾਈ ਸਤਵੰਤ ਸਿੰਘ ਦੇ ਨਾਲ ਮੰਗਣੀ ਤੋਂ ਬਾਅਦ ਫੋਟੋ ਨਾਲ ਅਨੋਖਾ ਵਿਆਹ ਕਰਕੇ ਹੀ ਸਾਰਾ ਜੀਵਨ ਬਤੀਤ ਕਰ ਦਿੱਤਾ ਸੀ, ਨੂੰ ਵੀ ਉਨ੍ਹਾਂ ਦੀ 18ਵੀਂ ਬਰਸੀ ਦੇ ਰੂਪ ਵਿਚ ਯਾਦ ਕੀਤਾ ਗਿਆ। ਭਾਈ ਸਰਵਣ ਸਿੰਘ ਦੇ ਜਿਸ ਛੋਟੇ ਬੇਟੇ ਆਗਿਆਪਾਲ ਸਿੰਘ ਨੂੰ ਬੀਬੀ ਸੁਰਿੰਦਰ ਸਿੰਘ ਹੋਰਾਂ ਨੇ ਗੋਦ ਲੈ ਕੇ ਪਾਲਿਆ ਸੀ, ਵੀ ਇਸ ਮੌਕੇ ਗੁਰੂ ਘਰ ਦੇ ਵਿਚ ਸੇਵਾ ਅਤੇ ਸਿਮਰਨ ਵਿਚ ਇਕ-ਮਿਕ ਹੋਇਆ ਵਿਖਾਈ ਦਿੱਤਾ। ਲਗਪਗ 5 ਘੰਟੇ ਚੱਲੇ ਇਸ ਕੀਰਤਨ ਸਮਾਗਮ ਦੇ ਵਿਚ ਵੱਡੀ ਗਿਣਤੀ ਦੇ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ।



ਆਪ ਪਾਰਟੀ ਦੀ ਵਿਧਾਇਕਾ ਬਲਜਿੰਦਰ ਕੌਰ ਦੀ ਆਪ ਆਗੂ ਨਾਲ ਹੋਈ ਮੰਗਣੀ।

## ਐਂਟੀ ਨਾਰਕੋਟਿਕ ਸੈੱਲ ਕਮੇਟੀ ਦੇ ਜ਼ਿਲ੍ਹਾ ਚੇਅਰਮੈਨ ਦੀ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਮੁਲਾਕਾਤ



ਫ਼ਿਰੋਜ਼ਪੁਰ, 7 ਜਨਵਰੀ (ਗਿਆਨ ਸਿੰਘ): ਐਂਟੀ ਨਾਰਕੋਟਿਕਸ ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਚੇਅਰਮੈਨ ਸੁਖਜਿੰਦਰ ਸਿੰਘ ਵੱਲੋਂ ਬੱਚਿਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਨੇਕ ਸਿੰਘ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਐਂਟੀ ਨਾਰਕੋਟਿਕਸ ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਟੀਮ ਵੱਲੋਂ ਮਾਨਯੋਗ ਮੁੱਖ ਮੰਤਰੀ ਕੈਪਟਨ ਸਿੰਘ ਜੀ ਵੱਲੋਂ ਚਲਾਈ ਨਸ਼ਿਆਂ ਵਿਰੁੱਧ ਮੁਹਿਮ ਨੂੰ ਸਫਲ ਬਣਾਉਣ ਲਈ ਸਕੂਲਾਂ ਵਿਚ ਨਸ਼ਿਆਂ ਦੇ ਬੂਰੇ ਪ੍ਰਭਾਵਾਂ ਦੇ ਪ੍ਰਚਾਰ ਲਈ ਸਹਿਯੋਗ ਮੰਗਿਆ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਨਸ਼ਿਆਂ ਨੂੰ ਇੱਕ ਬਿਮਾਰੀ ਵਾਂਗ ਦੱਸਦਿਆਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਨਸ਼ਿਆਂ ਤੋਂ ਹੋਣ ਵਾਲੇ ਬੂਰੇ ਪ੍ਰਭਾਵਾਂ ਦੀ ਜਾਗਰੂਕਤਾ ਲਈ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦੀ ਟੀਮ ਵੱਲੋਂ ਸਿਵਲ ਸਰਜਨ ਡਾ: ਸੁਰਿੰਦਰ ਕੁਮਾਰ ਨਾਲ ਵੀ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਕੋਲੋਂ ਵੀ ਪਿੰਡਾਂ ਵਿਚ ਨਸ਼ਿਆਂ ਦੀ ਰੋਕਥਾਮ ਲਈ ਸਹਿਯੋਗ ਦੀ ਮੰਗ ਕੀਤੀ ਗਈ। ਇਸ ਮੌਕੇ ਵਾਈਸ ਚੇਅਰਮੈਨ ਜਸਵੀਰ ਸਿੰਘ ਸੰਧੂ, ਜ਼ਿਲ੍ਹਾ ਕੁਆਰਡੀਨੇਟਰ ਡਿਪਟੀ ਸਿੰਘ, ਸੋਸ਼ਲ ਮੀਡੀਆ ਇੰਚਾਰਜ ਮਨਜੀਤ ਸਿੰਘ ਵੀ ਹਾਜ਼ਰ ਸਨ।

## ਬਜ਼ੁਰਗਾਂ ਵਾਸਤੇ ਸੈਮੀਨਾਰ 19 ਨੂੰ




19 ਜਨਵਰੀ 2019 ਨੂੰ ਫਲਾਵਰ ਸਿਟੀ ਸੀਨੀਅਰ ਸੈਂਟਰ ਦੀ ਇਕ ਸੰਸਥਾ 'ਏਜ ਫਰੈਂਡਲੀ ਫੋਰਮ' ਬਰੈਂਪਟਨ ਦੇ ਬਜ਼ੁਰਗਾਂ ਵਾਸਤੇ ਇਕ ਸੈਮੀਨਾਰ ਕਰ ਰਹੀ ਹੈ ਜਿਸ ਵਿਚ ਬਹੁਤ ਕੀਮਤੀ ਜਾਣਕਾਰੀਆਂ ਦਿਤੀਆਂ ਜਾਣਗੀਆਂ। ਮਕਸਦ ਹੈ ਬਰੈਂਪਟਨ ਦੇ ਬਜ਼ੁਰਗਾਂ ਨੂੰ ਜਾਗਰਤ ਕਰਨਾ ਤਾਂ ਜੋ ਉਹ ਆਪਣੀ ਜ਼ਿੰਦਗੀ ਦੀ ਆਖਰੀ ਪਾਰੀ
ਹਸਦਿਆਂ ਖੇਡਦਿਆਂ ਬਤੀਤ ਕਰਨ। ਉਨ੍ਹਾਂ ਨੂੰ ਉਸ ਸਭ ਕੁਝ ਦੀ ਜਾਣਕਾਰੀ ਹਾਸਲ ਹੋਵੇ ਜੋ ਬਰੈਂਪਟਨ ਸ਼ਹਿਰ ਦੀ ਨਗਰਪਾਲਿਕਾ, ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਉਨ੍ਹਾਂ ਖਾਤਰ ਕਰ ਰਹੀ ਹੈ। ਸਿਆਣੇ ਅਤੇ ਸੂਝਵਾਨ ਬਜ਼ੁਰਗ ਅਤੇ ਉਨ੍ਹਾ ਦੇ ਪ੍ਰੀਵਾਰ ਮਿਲਦੀਆ ਸਭ ਸਹੂਲਤਾਂ ਦਾ ਫਾਇਦਾ ਲੈਣ। 19 ਜਨਵਰੀ 2019 ਸ਼ਚਿਰਵਾਰ ਸਵੇਰੇ 10 ਤੋਂ 2 ਵਜੇ ਤਕ ਲੰਚ ਸਮੇ ਇਹ ਪ੍ਰੋਗਰਾਮ ਹੋਣਾ ਹੈ, ਜਿਸ ਵਿਚ ਮੁਫਤ
ਲੰਚ ਵੀ ਮਿਲੇਗਾ। ਸਭਾ ਦੇ ਕੁੰਜੀਵਤ ਸਪੀਕਰ ਜਿਲ ਪੇਨਾਲੋਸਾ ਹੋਣਗੇ। ਸ਼ਾਮਲ ਹੋਣ ਲਈ ਫੋਨ ਰਾਹੀ ਜਾਂ ਇੰਟਰਨੈਟ ਰਾਹੀ ਰੀਜ਼ਰਵੇਸ਼ਨ ਜ਼ਰੂਰੀ ਹੈ ਜੀ। ਕਿਸੇ ਹੋਰ ਵੇਰਵੇ ਲਈ ਫੋਨ ਹੈ 905 874 2054 Or www.brampton.ca/age-friendly Address Flower City Senior Center. 8870 McLaughlin Rd South Brampton L6Y 5T1

## ਵਿਗਿਆਨੀ ਸਕਸੈਨਾ ਨੇ ਕਿਹਾ: ਮੋਦੀ ਸਿਰਫ ਸੁਪਨੇ ਦਿਖਾਉਂਦੇ ਨੇ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਇੰਸ ਤੇ ਤਕਨਾਲੋਜੀ ਦੀਆਂ ਖੋਜਾਂ ਬਾਰੇ ਵੱਡੇ-ਵੱਡੇ ਦਾਅਵੇ ਕਰ ਰਹੇ ਸਨ, ਦੂਜੇ ਪਾਸੇ ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ ਦੇ ਮੈਂਬਰ ਅਤੇ ਸਾਬਕਾ ਜਨਰਲ ਪ੍ਰੈਜ਼ੀਡੈਂਟ ਅਸ਼ੋਕ ਸਕਸੈਨਾ ਨੇ ਕਿਹਾ ਕਿ ਬਿਨਾਂ ਪੈਸੇ ਤੋਂ ਕਿਸੇ ਤਰ੍ਹਾਂ ਦੀ ਖੋਜ ਸੰਭਵ ਨਹੀਂ। ਮੋਦੀ ਜੀ ਵੱਡੀਆਂ ਗੱਲਾਂ ਕਰਦੇ ਹਨ, ਪਰ ਨਾ ਕੋਈ ਫੰਡ ਰਿਲੀਜ਼ ਕਰਦੇ ਹਨ ਤੇ ਨਾ ਅਜਿਹੀ ਵਿਵਸਥਾ ਕਰਦੇ ਹਨ, ਜਿਸ ਨਾਲ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਮਿਲ ਸਕੇ। ਉਨ੍ਹਾਂ ਕਿਹਾ ਕਿ ਨਿੱਤ ਨਵੀਆਂ ਆਸਾਮੀਆਂ ਕੱਢਣ ਦੀ ਗੱਲ ਕੀਤੀ ਜਾਂਦੀ ਹੈ, ਪਰ ਆਸਾਮੀਆਂ ਨਹੀਂ ਭਰੀਆਂ ਜਾਂਦੀਆਂ। ਸਰਕਾਰ ਸਿਰਫ ਪੁਰਾਣੀਆਂ ਆਸਾਮੀਆਂ ਭਰ ਦੇਵੇ ਤਾਂ ਨਾ ਨਵੀਆਂ ਆਸਾਮੀਆਂ ਪੈਦਾ ਕਰਨ ਦੀ ਲੋੜ ਹੈ ਅਤੇ ਨਾ ਨਵੇਂ ਪੈਕੇਜ ਦੇਣ ਦੀ। ਸਿਰਫ ਹਰ ਕਾਲਜ ਅਤੇ ਯੂਨੀਵਰਸਿਟੀ ਵਿੱਚ ਮੌਜੂਦਾ ਆਸਾਮੀਆਂ ਭਰ ਦਿੱਤੀਆਂ ਜਾਣ, ਨਵੇਂ ਰੋਜ਼ਗਾਰ ਦਾ ਮੁੱਦਾ ਹੱਲ ਹੋ ਜਾਵੇਗਾ।

ਸਕਸੈਨਾ ਨੇ ਨਰਿੰਦਰ ਮੋਦੀ ਵੱਲੋਂ 'ਜੈ ਜਵਾਨ, ਜੈ ਕਿਸਾਨ ਅਤੇ ਜੈ ਵਿ-ਗਆਨ' ਦੇ ਨਾਅਰੇ ਨਾਲ ਜੋੜੇ ਗਏ ਨਵੇਂ ਨਾਅਰੇ 'ਜੈ ਅਨੁਸੰਧਾਨ' ਬਾਰੇ ਵੀ ਕਿਹਾ ਕਿ ਨਾਅਰਾ ਦੇਣ ਨਾਲ ਕੁਝ ਨਹੀਂ ਹੋਣਾ, ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਦੇ ਕੇ ਖਾਲੀ ਆਸਾਮੀਆਂ ਭਰੀਆਂ ਜਾਣ, ਤਦੇ ਹੀ ਵੱਡੀ ਪ੍ਰਾਪਤੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਵੱਡੇ ਪੱਧਰ ਉੱਤੇ ਬੇਰੁਜ਼ਗਾਰੀ ਹੋਣ ਕਾਰਨ ਇਕ ਆਸਾਮੀ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਫਾਰਮ ਭਰੇ ਜਾਂਦੇ ਹਨ। ਇਸ ਦੀ ਘੱਟੋ-ਘੱਟ ਫੀਸ ਨਾਲ ਵੀ ਲੱਖਾਂ ਰੁਪਏ ਬਣ ਜਾਂਦੇ ਹਨ। ਇਸ ਤੋਂ ਕਈ ਵਾਰ ਇਹ ਲੱਗਦਾ ਹੈ ਕਿ ਸਰਕਾਰ ਬੇਰੁਜ਼ਗਾਰਾਂ ਤੋਂ ਵੀ ਪੈਸਾ ਕਮਾ ਰਹੀ ਹੈ। ਉਨ੍ਹਾਂ ਇੰਡੀਅਨ ਸਾਇੰਸ ਕਾਂਗਰਸ 'ਚ ਹੋਣ ਵਾਲੇ ਸਮਾਗਮਾਂ ਦਾ ਵੀ ਪੂਰਾ ਵੇਰਵਾ ਦਿੱਤਾ।

## ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜ਼ੀਲੈਂਡ ਦੇ ਜਨ: ਸਕੱਤਰ ਰਾਜ ਕੁਮਾਰ ਨਹੀਂ ਰਹੇ



ਔਕਲੈਂਡ, 7 ਜਨਵਰੀ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਵਸਦੇ ਪੰਜਾਬੀ ਭਾਈਚਾਰੇ ਨੂੰ ਇਹ ਜਾਣ ਕੇ ਬਹੁਤ ਦੁੱਖ ਹੋਵੇਗਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜ਼ੀਲੈਂਡ ਦੇ ਫਾਊਂਡਰ ਮੈਂਬਰ ਤੇ ਮੌਜੂਦਾ ਜਨਰਲ ਸਕੱਤਰ ਸ੍ਰੀ ਰਾਜ ਕੁਮਾਰ ਇੰਡੀਆ ਗਏ ਹੋਏ ਸਨ, ਉਨ੍ਹਾਂ ਨੂੰ ਬੀਤੇ ਦਿਨੀਂ ਦਿਲ ਦਾ ਦੌਰਾ ਪਿਆ ਅਤੇ ਉਹ ਇਸ ਫਾਨੀ ਦੁਨਆਿਂ ਤੋਂ ਕੂਚ ਕਰ ਗਏ। ਉਹ ਮੈਨੁਕਾਓ ਵਿਖੇ ਰਹਿੰਦੇ ਸਨ ਅਤੇ ਇਸ ਵੇਲੇ ਆਪਣੇ ਬਿਜ਼ਨਸ 'ਨਿਊ ਲੁੱਕ ਬਲਾਈਂਡਜ਼' ਕੰਪਨੀ ਦੇ ਡਾਇਰੈਕਟਰ ਸਨ। ਮਿਸ਼ਨ ਸੁਸਾਇਟੀ ਦੇ ਨਾਲ ਉਹ ਸੰਨ 2004 ਤੋਂ ਜੁੜੇ ਹੋਏ ਸਨ। ਉਹ ਨਵੀਂ ਆਬਾਦੀ ਮੁਹੱਲਾ ਨਕੋਦਰ ਸ਼ਹਿਰ ਤੋਂ ਸਨ। ਉਹ ਆਪਣੇ ਪਿੱਛੇ ਆਪਣੀ ਪਤਨੀ ਸ੍ਰੀਮਤੀ ਜਸਵਿੰਦਰ ਕੌਰ, ਇਕ ਪੁੱਤਰੀ ਅਤੇ ਇਕ ਪੁੱਤਰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਕੱਲ੍ਹ ਨਕੋਦਰ ਵਿਖੇ ਕੀਤੇ ਜਾਣ ਦੀ ਸੰਭਾਵਨਾ ਹੈ ਕਿਉਂਕਿ ਉਨ੍ਹਾਂ ਦਾ ਪੁੱਤਰ ਪਿਛਲੀ ਰਾਤ ਹੀ ਇੰਡੀਆ ਗਿਆ ਹੈ, ਜਿਸ ਨੂੰ ਇਸ ਬਾਰੇ ਅਜੇ ਨਹੀਂ ਦੱਸਿਆ ਗਿਆ ਸੀ। ਸ੍ਰੀ ਰਾਜ ਕੁਮਾਰ ਇਥੇ ਕਾਫੀ ਸਮੇਂ ਤੋਂ ਰਹਿ ਰਹੇ ਸਨ।

ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਅਫਸੋਸ ਪ੍ਰਗਟ: ਸੁਸਾਇਟੀ ਤੋਂ ਪ੍ਰਧਾਨ ਸ੍ਰੀ ਮਹਿੰਦਰ ਪਾਲ ਨੇ ਸਮੂਹ ਮੈਂਬਰਾਂ ਦੀ ਤਰਫ ਤੋਂ ਸ਼੍ਰੀ ਰਾਜ ਕੁਮਾਰ ਦੀ ਬੇਵਕਤੀ ਮੌਤ ਉਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਹ ਗੁਰ-ਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਦੇ ਫਾਊਂਡਰ ਮੈਂਬਰ ਅਤੇ ਪਹਿਲੇ ਜਨਰਲ ਸਕੱਤਰ ਵੀ ਸਨ। ਉਹ ਬਹੁਜਨ ਸਮਾਜ ਪਾਰਟੀ ਦੇ ਨਾਲ ਵੀ ਰਾਬਤਾ ਰੱਖਦੇ ਸਨ ਅਤੇ ਅੰਬੇਡਕਰ ਮਿਸ਼ਨ ਵਾਸਤੇ ਤੱਤਪਰ ਰਹਿੰਦੇ ਹਨ।

ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵੱਲੋਂ ਵੀ ਅਫਸੋਸ ਪ੍ਰਗਟ: ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਤੋਂ ਵੀ ਸ੍ਰੀ ਰਾਜ ਕੁਮਾਰ ਦੀ ਬੇਵਕਤੀ ਮੌਤ ਉਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਹੈ।

ਗੁਰਦੁਆਰਾ ਸਾਹਿਬ ਬੇਗਮਪੁਰਾ ਵਿਖੇ ਸ਼ਰਧਾਂਜਲੀ ਭੇਟ: ਬੀਤੇ ਐਤਵਾਰ ਗੁਰਦੁ-ਆਰਾ ਬੇਗਮਪੁਰਾ ਸਾਹਿਬ ਮੈਨੇਜਮੈਂਟ ਵੱਲੋਂ ਵੀ ਸ੍ਰੀ ਰਾਜ ਕੁਮਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਧਾਰਮਿਕ ਅਤੇ ਸਮਾਜਿਕ ਕਾਰਜਾਂ ਦੇ ਵਿਚ ਉਨ੍ਹਾਂ ਦਾ ਕਾਫੀ ਯੋਗਦਾਨ ਰਿਹਾ ਹੈ।

ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਵੱਲੋਂ ਅਫਸੋਸ ਪ੍ਰਗਟ: ਸ੍ਰੀ ਰਾਜ ਕੁਮਾਰ ਦੀ ਬੇਵਕਤੀ ਮੌਤ ਉਤੇ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਗਹਿਰਾ ਅਫਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਰਾਜ ਕੁਮਾਰ ਇਕ ਹੋਣਹਾਰ ਕਮਿਊਨਿਟੀ ਵਰਕਰ ਸੀ, ਉਸਨੇ ਇਥੇ ਰਹਿੰਦਿਆ ਵੀ ਬਹੁਤ ਸਾਰੇ ਸਮਾਜਿਕ ਕਾਰਜਾਂ ਦੇ ਵਿਚ ਆਪਣੀ ਸ਼ਮੂਲੀਅਤ ਰੱਖੀ।

ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ਅਫਸੋਸ ਪ੍ਰਗਟ: ਕਲੱਬ ਦੇ ਸਮੂਹ ਮੈਂਬਰਾਂ ਦੀ ਤਰਫ ਤੋਂ ਵੀ ਪਰਿਵਾਰ ਦੇ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਸ੍ਰੀ ਰਾਜ ਕੁਮਾਰ ਸਲਾਨਾ ਟੂਰਨਾਮੈਂਟ ਦੇ ਵਿਚ ਵੀ ਸਹਿਯੋਗ ਕਰਦੇ ਰਹਿੰਦੇ ਸਨ ਅਤੇ ਗੁਰਦ-ਆਰਾ ਸਾਹਿਬ ਦੇ ਕਾਰਜਾਂ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਸਨ।

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਪੁਲੀਸ ਅਫ਼ਸਰਾਂ ਵੱਲੋਂ ਖੁਦਕਸ਼ੀਆਂ ਅਤੇ ਮਾਨਸਿਕ ਸਿਹਤ

ਉੱਟੇਰੀਓ ਦੀ ਚੀਫ਼ ਕੋਰੋਨਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਪੁਲੀਸ ਅਫ਼ਸਰਾਂ ਵਿੱਚ ਪਾਏ ਜਾਂਦੇ ਖੁਦਕਸ਼ੀਆਂ ਦੇ ਰੁਝਾਨ ਦੀ ਮਾਹਰਾਂ ਆਧਾਰਿਤ ਕਮੇਟੀ ਦੁਆਰਾ ਡੂੰਘੀ ਤਫ਼ਤੀਸ਼ ਕਰਵਾਈ ਜਾਵੇਗੀ। ਅਜਿਹਾ ਇਹ ਜਾਨਣ ਤੋਂ ਬਾਅਦ ਕੀਤਾ ਗਿਆ ਹੈ ਕਿ ਉੱਟੇਰੀਓ ਵਿੱਚ 2018 ਵਿੱਚ 9 ਅਫ਼ਸਰਾਂ ਨੇ ਖੁਦਕਸ਼ੀਆਂ ਕੀਤੀਆਂ ਹਨ। ਪੁਲੀਸ ਅਫ਼ਸਰਾਂ ਵੱਲੋਂ ਖੁਦਕਸ਼ੀ ਕੀਤੇ ਜਾਣ ਦਾ ਮਾਮਲਾ ਇਸ ਸਾਲ ਗਰਮੀ ਦੀ ਰੁੱਤ ਦੌਰਾਨ ਵੀ ਉੱਠਿਆ ਸੀ ਜਦੋਂ ਤਿੰਨ ਪੁਲੀਸ ਅਫ਼ਸਰਾਂ ਵੱਲੋਂ ਖੁਦਕਸ਼ੀ ਕੀਤੇ ਜਾਣ ਦੀਆਂ ਖਬਰਾਂ ਮੀਡੀਆ ਵਿੱਚ ਛਾਈਆਂ ਸਨ। ਵੈਸੇ ਖੁਦਕਸ਼ੀਆਂ ਦੀ ਅਸਲ ਗਿਣਤੀ ਬਾਰੇ ਪੱਕੇ ਰੂਪ ਵਿੱਚ ਕੁੱਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਸਰਗਰਮ ਅਤੇ ਰਿਟ-ਾਇਰ ਹੋ ਚੁੱਕੇ ਪੁਲੀਸ ਅਫ਼ਸਰਾਂ ਦੀ ਖੁਦਕਸ਼ੀ ਕਾਰਨ ਹੋਈ ਮੌਤ ਨੂੰ ਦਰਜ਼ ਕਰਨ ਦਾ ਕੋਈ ਵਿਧੀਵਤ ਸਿਸਟਮ ਮੌਜੂਦ ਨਹੀਂ ਹੈ।

ਇਹ ਜਾਣਿਆ ਪਹਿਚਾਣਿਆ ਤੱਥ ਹੈ ਕਿ ਵਿਸ਼ਵ ਭਰ ਦੇ ਪੁਲੀਸ ਅਫ਼ਸਰਾਂ ਵਿੱਚ ਮਾਨਸਿਕ ਤਣਾਅ ਅਤੇ ਸਦਮੇ ਦੀ ਦਰ ਆਮ ਪਬਲਿਕ ਨਾਲੋਂ ਕਈ ਗੁਣਾ ਵੱਧ ਪਾਈ ਜਾਂਦੀ ਹੈ। ਮਿਸਾਲ ਵਜੋਂ ਅਮਰੀਕਾ ਵਿੱਚ 2018 ਵਿੱਚ 159 ਪੁਲੀਸ ਅਫ਼ਸਰਾਂ ਨੇ ਖੁਦਕਸ਼ੀਆਂ ਕੀਤੀਆਂ ਜਦੋਂ ਕਿ ਡਿਊਟੀ ਦੌਰਾਨ ਮਰਨ ਵਾਲੇ ਪੁਲੀਸ ਅਫ਼ਸਰਾਂ ਦੀ ਗਿਣਤੀ 145 ਰਹੀ। ਕੈਨੇਡਾ ਵਿੱਚ ਅਜਿਹੀ ਜਾਣਕਾਰੀ ਉਪਲਬਧ ਹੀ ਨਹੀਂ ਹੈ।

ਪੁਲੀਸ ਅਫ਼ਸਰਾਂ ਬਾਰੇ ਆਮ ਆਦਮੀ ਦਾ ਪ੍ਰਭਾਵ ਹੁੰਦਾ ਹੈ ਕਿ ਇਹ ਮਜ਼ਬੂਤ ਹੁੰਦੇ ਹਨ, ਇਹਨਾਂ ਨੂੰ ਹਰ ਸਥਿਤੀ ਨਾਲ ਸਿੱਝਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ। ਕਈਆਂ ਲਈ ਇਹ ਨਿਰਦਈ ਕਿਸਮ ਦੇ ਵਿਅਕਤੀ ਹੁੰਦੇ ਹਨ ਜਿਹਨਾਂ ਨੂੰ ਆਮ ਵਿਅਕਤੀ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਇਸ ਕਿਸਮ ਦਾ ਅਕਸ ਪੁਲੀਸ ਅਫ਼ਸਰਾਂ ਦੀ ਮਾਨਕਿਸ ਸਿਹਤ ਲਈ ਘਾਤਕ ਸਿੱਧ ਹੁੰਦਾ ਹੈ ਅਤੇ ਉਹ ਸਮਾਜਿਕ ਤਾਣੇ ਬਾਣੇ ਨਾਲੋਂ ਟੁੱਟ ਸਕਦੇ ਹਨ। ਅੱਜ ਕੱਲ ਤਾਂ ਹਾਲਾਤ ਇਹ ਬਣੇ ਹੋਏ ਹਨ ਕਿ ਪੁਲੀਸ ਅਫ਼ਸਰਾਂ ਨੂੰ ਵਿਲੀਅਨ, ਨਸਲਵਾਦੀ, ਪੱਖਵਾਦੀ ਅਤੇ ਮੁਸ਼ਕਲ ਸਥਿਤੀਆਂ ਨਾਲ ਸਿੱਝਣ ਵਿੱਚ ਅਸਮਰੱਥ ਖਿਆਲਿਆ ਜਾਣ ਲੱਗ ਪਿਆ ਹੈ। ਕਈ ਕਿਸਮ ਦੀਆਂ ਉੱਠ ਰਹੀਆਂ ਮੁਹਿੰਮਾਂ ਇਸ ਪ੍ਰਭਾਵ ਨੂੰ ਤੱਕੜਾ ਕਰਨ ਵਿੱਚ ਰੋਲ ਅਦਾ ਕਰਦੀਆਂ ਹਨ ਜਿਵੇਂ ਕਿ ਟੋਰਾਂਟੋ ਪਰਾਈਡ ਪਰੇਡ (Toronto Pride Parade) ਵੱਲੋਂ ਟੋਰਾਂਟੋ ਪੁਲੀਸ ਅਫ਼ਸਰਾਂ ਨੂੰ ਸ਼ਾਮਲ ਹੋਣ ਤੋਂ ਮਨਾਹੀ ਕਰਨੀ। ਅਜਿਹੀਆਂ ਮੁਹਿੰਮਾਂ ਦੇ ਕਾਰਣਾਂ ਨਾਲ ਪੂਰੀ ਹਮਦਰਦੀ ਰੱਖਦੇ ਹੋਏ ਸਾਨੂੰ ਮੰਨਣਾ ਪਵੇਗਾ ਕਿ ਜਦੋਂ ਪੁਲੀਸ ਅਫ਼ਸਰਾਂ ਨੂੰ ਜਨਤਕ ਸਥਾਨਾਂ ਤੋਂ ਨਿਖੇੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਸਦਾ ਪੁਲੀਸ ਫੋਰਸ ਦੇ ਮਨ ਮਸਤਕ ਉੱਤੇ ਨਾਂਹ ਪੱਖੀ ਪ੍ਰਭਾਵ ਪੈਂਦਾ ਹੈ। ਪੁਲੀਸ ਅਫ਼ਸਰ ਖੁਦ ਨੂੰ ਅਛੂਤਾ ਮਹਿਸੂਸ ਕਰਦੇ ਹਨ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਪੁਲੀਸ ਅਫ਼ਸਰਾਂ ਨੂੰ ਡਿਊਟੀ ਸਮੇਂ ਆਪਣੀ ਗੰਨ ਦੇ ਖੋਹ ਜਾਣ ਦਾ ਡਰ ਅਕਸਰ ਬਣਿਆ ਰਹਿੰਦਾ ਹੈ। ਸਾਡੇ ਲਈ ਪੁਲੀਸ ਅਫ਼ਸਰ ਵੱਲੋਂ ਵਰਦੀ ਉੱਤੇ ਪਹਿਨੀ ਗੰਨ ਰੋਹਬ ਅਤੇ ਠਾਠ ਦਾ ਚਿੰਨ ਹੋ ਸਕਦੀ ਹੈ ਪਰ ਓ ਪੀ ਪੀ ਕਮਿਸ਼ਨਰ ਵਿੰਸ ਹਾਅਕਸ ਮੁਤਾ-ਬਕ ਪੁਲੀਸ ਅਫ਼ਸਰ ਵੀ ਇੱਕ ਆਮ ਵਿਅਕਤੀ ਹੀ ਹੁੰਦੇ ਹਨ ਜਿਹਨਾਂ ਦੇ ਆਪਣੇ ਡਰ ਅਤੇ ਅਸੁਰੱਖਿਆਵਾਂ ਹੁੰਦੀਆਂ ਹਨ।

ਨਿੱਤਾਪ੍ਰਤੀ ਬੱਚਿਆਂ ਨਾਲ ਹੋਈਆਂ ਸੈਕਸ ਬਦਸਲੂਕੀ ਦੀਆਂ ਵਾਰਦਾਤਾਂ, ਹਿੰਸਾਂ ਦੀਆਂ ਘਟਨਾਵਾਂ, ਕਨੂੰਨੋਂ ਬਾਹਰ ਹੋਏ ਮੋਟਰਸਾਈਕਲ ਗੈਂਗਾਂ ਵੱਲੋਂ ਦਿੱਤੀਆਂ ਜਾਂਦੀਆਂ ਧਮਕੀਆਂ, ਜਾਨਲੇਵਾ ਵਾਹਨ ਹਾਦਸਿਆਂ ਦੇ ਸੀਨ ਉੱਤੇ ਜਾ ਕੇ ਤਫ਼ਤੀਸ਼ ਕਰਨ ਦੀ ਜੁੰਮੇਵਾਰੀ ਪੁਲੀਸ ਅਫ਼ਸਰਾਂ ਦੇ ਅੰਦਰਲੇ ਮਨੁੱਖ ਨੂੰ ਹਿਲਾ ਕੇ ਰੱਖ ਦੇਂਦੇ ਹਨ। ਜੇ ਕੋਈ ਪੁਲੀਸ ਅਫ਼ਸਰ ਨਰਮ ਦਿਲ ਦਾ ਮਾਲਕ ਹੋਵੇ ਤਾਂ ਸਿੱਟੇ ਹੋਰ ਵੀ ਗੰਭੀਰ ਹੋ ਜਾਂਦੇ ਹਨ।

ਕੁੱਝ ਸਾਲ ਪਹਿਲਾਂ ਟੋਰਾਂਟੋ ਪੁਲੀਸ ਵੱਲੋਂ ਇੱਕ ਵਾਈਟ ਪੇਪਰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਪਾਇਆ ਗਿਆ ਕਿ ਪੁਲੀਸ ਅਫ਼ਸਰਾਂ ਲਈ ਮਾਨਸਿਕ ਸਿਹਤ ਵਾਸਤੇ ਮਦਦ ਮੰਗਣੀ ਬਹੁਤ ਔਖਾ ਕੰਮ ਹੁੰਦਾ ਹੈ। ਉਹਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਡਿਊਟੀ ਕਰਨ ਵਿੱਚ ਅਸਫਲ ਹੋ ਗਿਆ ਹੈ। ਇਸ ਵਾਈਟ ਪੇਪਰ ਮੁਤਾਬਕ ਆਮ ਪਬਲਿਕ ਅਕਸਰ ਪੁਲੀਸ ਅਫ਼ਸਰਾਂ ਦੀ ਮਾਨਸਿਕ ਸਥਿਤੀ ਬਾਰੇ ਅਣਜਾਣ ਹੀ ਰਹਿੰਦੀ ਹੈ।

ਪੰਜਾਬੀ ਪੋਸਟ ਵਿਖੇ ਸਾਨੂੰ ਕਈ ਪੁਲੀਸ ਅਫ਼ਸਰਾਂ ਨਾਲ ਵੱਖ 2 ਮੁੱਦਿਆਂ ਉੱਤੇ ਮੁਲਾਕਾਤਾਂ ਕਰਨ ਦਾ ਅਨੁਭਵ ਹੁੰਦਾ ਰਹਿੰਦਾ ਹੈ। ਸਾਡਾ ਅਨੁਭਵ ਰਿਹਾ ਹੈ ਕਿ ਉਹਨਾਂ ਦੇ ਹਾਸਿਆਂ ਪੱਛੇ ਇੱਕ ਗਮ, ਇੱਕ ਤਣਾਅ ਲੁਕਿਆ ਹੁੰਦਾ ਹੈ। ਪੱਤਰਕਾਰਾਂ ਵਜੋਂ ਬੇਸ਼ੱਕ ਸਾਡੇ ਕੋਲ ਉਹਨਾਂ ਦੇ ਗਮ ਨੂੰ ਦੂਰ ਕਰਨ ਦਾ ਕੋਈ ਹੁਨਰ ਨਹੀਂ ਹੈ ਪਰ ਅਸੀਂ ਉਹਨਾਂ ਨਾਲ ਹਮੇਸ਼ਾ ਸਤਕਾਰ ਅਤੇ ਹਮਦਰਦੀ ਦੇ ਦ੍ਰਿਸ਼ਟੀਕੋਣ ਤੋਂ ਗੱਲ ਕੀਤੀ ਹੈ। ਸ਼ਾਇਦ ਇਹ ਫਰਜ਼ ਸਾਡਾ ਸਾਰਿਆਂ ਦਾ ਬਣਦਾ ਹੈ ਕਿ ਪੁਲੀਸ ਅਫ਼ਸਰਾਂ ਦੀ ਮੁਸ਼ਕਲ ਡਿਊਟੀ ਦਾ ਖਿਆਲ ਰੱਖਦੇ ਹੋਏ ਉਹਨਾਂ ਪ੍ਰਤੀ ਬਣਦਾ ਸਤਕਾਰ ਰੱਖੀਏ ਕਿਉਂਕਿ ਸਹੀ ਡਿਊਟੀ ਕਰਨ ਵਾਲੇ ਪੁਲੀਸ ਅਫ਼ਸਰ ਸਾਡੇ ਸਮਾਜ ਦਾ ਇੱਕ ਅਨਮੁੱਲਾ ਸਰਮਾਇਆ ਹਨ।

## ਜਗਮੀਤ ਸਿੰਘ ਨੇ 2019 ਦੀ ਚੋਣ ਮੁਹਿੰਮ ਵਿਚ ਐਨਡੀਪੀ ਦੀ ਅਗਵਾਈ ਆਪ ਕਰਨ ਦਾ ਪ੍ਰਗਟਾਇਆ ਤਹੱਈਆ

...ਪੰਨਾ 1 ਦਾ ਬਾਕੀ

ਜਗਮੀਤ ਸਿੰਘ ਅਕਤੂਬਰ 2017 ਤੋਂ ਫੈਡਰਲ ਐਨਡੀਪੀ ਦੇ ਲੀਡਰ ਹਨ ਤੇ ਅਗਲੀਆਂ ਚੋਣਾਂ ਨੂੰ ਹੁਣ ਜਦੋਂ ਨੌਂ ਮਹੀਨੇ ਦਾ ਸਮਾਂ ਰਹਿ ਗਿਆ ਹੈ ਤਾਂ ਅਜਿਹੇ ਵਿੱਚ ਫੰਡਰੇਜ਼ਿੰਗ ਅਤੇ ਚੋਣਾਂ ਵਿੱਚ ਸਮਰਥਨ ਦੇ ਮਾਮਲੇ ਵਿੱਚ ਐਨਡੀਪੀ ਲਿਬਰਲਾਂ ਤੇ ਕੰਜ਼ਰਵੇਟਿਵਾਂ ਤੋਂ ਕਾਫੀ ਪਿੱਛੇ ਚੱਲ ਰਹੀ ਹੈ। ਇਸ ਤੋਂ ਇਲਾਵਾ ਆਉਣ ਵਾਲੀ ਜ਼ਿਮਨੀ ਚੋਣ ਵਿੱਚ ਜਗਮੀਤ ਸਿੰਘ ਜਿੱਤ ਸਕਣਗੇ ਜਾਂ ਨਹੀਂ ਇਹ ਵੀ ਇੱਕ ਵੱਡਾ ਸਵਾਲ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਜਗਮੀਤ ਸਿੰਘ ਚੁਣੇ ਨਾ ਗਏ ਤਾਂ ਪਾਰਟੀ ਨਾਲ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ?

ਇੱਥੇ ਦੱਸਣਾ ਬਣਦਾ ਹੈ ਕਿ ਵੀਕੈਂਡ ਉੱਤੇ ਜਗਮੀਤ ਸਿੰਘ ਨੇ ਇਸ ਆਸ ਨਾਲ ਬਰਨਾਬੀ ਸਾਊਥ, ਬੀਸੀ ਕੈਂਪੇਨ ਆਫਿਸ ਵਿਖੇ ਵਾਲੰਟੀਅਰਜ਼ ਨਾਲ ਮੁਲਾਕਾਤ ਕੀਤੀ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਲਦ ਹੀ ਉਨ੍ਹਾਂ ਦੇ ਹਲਕੇ ਦੇ ਨਾਲ ਨਾਲ ਕੈਨੇਡਾ ਭਰ ਵਿੱਚ ਖਾਲੀ ਹਲਕਿਆਂ ਲਈ ਜ਼ਿਮਨੀ ਚੋਣਾਂ ਦਾ ਐਲਾਨ ਕਰਨਗੇ। ਆਪਣੇ ਕੈਂਪੇਨ ਸਟਾਈਲ ਭਾਸ਼ਣ ਵਿੱਚ ਜਗਮੀਤ ਸਿੰਘ ਨੇ ਆਪਣੇ ਸਮਰਥਕਾਂ ਦਰਮਿਆਨ ਟਰੂਡੋ ਤੋਂ ਜਲਦ ਤੋਂ ਜਲਦ ਜ਼ਿਮਨੀ ਚੋਣਾਂ ਦਾ ਐਲਾਨ ਕਰਨ ਦੀ ਮੰਗ ਕੀਤੀ ਤੇ ਅਜੇ ਤੱਕ ਅਜਿਹਾ ਨਾ ਕੀਤੇ ਜਾਣ ਲਈ ਪ੍ਰਧਾਨ ਮੰਤਰੀ ਦੀ ਆਲੋਚਨਾ ਵੀ ਕੀਤੀ। ਇਹ ਵੀ ਕਨਸੋਆਂ ਹਨ ਕਿ ਇਹ ਜ਼ਿਮਨੀ ਚੋਣਾਂ ਫਰਵਰੀ ਵਿੱਚ ਐਲਾਨੀਆਂ ਜਾਣਗੀਆਂ।

ਜਗਮੀਤ ਸਿੰਘ ਨੇ ਆਖਿਆ ਕਿ ਲਿਬਰਲ ਸਰਕਾਰ ਜ਼ਿਮਨੀ ਚੋਣਾਂ ਵਿੱਚ ਦੇਰ ਬਰਨਾਬੀ ਸਾਊਥ ਦੇ ਵਸਨੀਕਾਂ ਦੇ ਹਿਤ ਲਈ ਜਾਂ ਕੈਨੇਡੀਅਨਾਂ ਦੇ ਹਿਤ ਲਈ ਨਹੀਂ ਸਗੋਂ ਆਪਣੇ ਸੌੜੇ ਸਿਆਸੀ ਹਿਤਾਂ ਲਈ ਕਰ ਰਹੀ ਹੈ ਜੋ ਕਿ ਕਾਫੀ ਨਿਰਾਸ਼ਾਜਨਕ ਫੈਸਲਾ ਹੈ। ਬਰਨਾਬੀ ਸਾਊਥ ਦੀ ਇਹ ਸੀਟ ਸਤੰਬਰ ਦੇ ਮੱਧ ਤੋਂ ਉਸ ਸਮੇਂ ਤੋਂ ਖਾਲੀ ਹੈ ਜਦੋਂ ਐਨਡੀਪੀ ਐਮਪੀ ਕੈਨੇਡੀ ਸਟੀਵਾਰਟ ਨੇ ਆਪਣੀ ਸੀਟ ਤੋਂ ਮੇਅਰ ਦੇ ਅਹੁਦੇ ਦੀ ਦੌੜ ਵਿੱਚ ਹਿੱਸਾ ਲੈਣ ਲਈ ਅਸਤੀਫਾ ਦੇ ਦਿੱਤਾ ਸੀ ਤੇ ਬਾਅਦ ਵਿੱਚ ਵੈਨਕੂਵਰ ਦੇ ਮੇਅਰ ਬਣ ਗਏ ਸਨ। ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਬਰੈਂਪਟਨ, ਓਨਟਾਰੀਓ ਤੋਂ ਪਿੱਛੇ ਜਿਹੇ ਹੀ ਵੈਨਕੂਵਰ ਦੇ ਸਬਅਰਬ ਬਰਨਾਬੀ ਸ਼ਿਫਟ ਹੋਏ ਹਨ।

## ਸਾਊਦੀ ਅਰਬ ਤੋਂ ਭੱਜੀ ਕੁੜੀ ਦੀ ਅਪੀਲ; ਵਾਪਸ ਨਾ ਭੇਜੋ, ਮੇਰਾ ਕਤਲ ਕਰ ਦੇਣਗੇ




ਬੈਂਕਾਕ, 7 ਜਨਵਰੀ, (ਪੋਸਟ ਬਿਊਰੋ)- ਥਾਈਲੈਂਡ ਵਿੱਚ ਦਾਖਲ ਹੋਣ ਤੋਂ ਰੋਕੀ ਗਈ ਸਾਊਦੀ ਅਰਬ ਦੀ 18 ਸਾਲਾਂ ਕੁੜੀ ਦਾ ਕਹਿਣਾ ਹੈ ਕਿ ਜੇ ਥਾਈ ਅਧਿਕਾਰੀ ਉਸ ਨੂੰ ਵਾਪਸ ਭੇਜ ਦੇਣ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ।

ਰਹਾਫ ਮੋਹੰਮਦ ਏਮ ਅਲਕੁਨੁਨ ਨਾਂਅ ਦੀ ਇਸ ਕੁੜੀ ਨੇ ਕਿਹਾ ਕਿ ਜਦੋਂ ਉਹ ਬੈਂਕਾਕ ਦੇ ਸਵਰਨਭੂਮੀ ਹਵਾਈ ਅੱਡੇ ਉੱਤੇ ਪੁੱਜੀ ਤਾਂ ਉਸ ਨੂੰ ਸਾਊਦੀ ਅਰਬ ਅਤੇ ਕੁਵੈਤੀ ਅਧਿਕਾਰੀਆਂ ਨੇ ਰੋਕ ਕੇ ਉਸ ਦੇ ਯਾਤਰਾ ਕਾਗਜ਼ਾਤ ਜਬਰਨ ਲੈ ਲਏ। ਉਸ ਦੇ ਕਹੇ ਦਾ ਹਿਊਮਨ ਰਾਈਟਸ ਵਾਚ ਨੇ ਸਮਰਥਨ ਕੀਤਾ ਹੈ। ਰਹਾਫ ਨੇ ਕਿਹਾ ਕਿ ਮੇਰਾ ਪਾਸਪੋਰਟ ਉਨ੍ਹਾਂ ਨੇ ਲੈ ਲਿਆ ਹੈ। ਉਸ ਨੇ ਦੱਸਿਆ ਕਿ ਉਸ ਦੇ ਮਰਦ ਗਾਰਡੀਅਨ ਨੇ ਉਸ ਦੇ ਬਾਰੇ 'ਮਨਜ਼ੂਰੀ ਦੇ ਬਿਨਾਂ' ਯਾਤਰਾ ਕਰਨ ਦੀ ਰਿਪੋਰਟ ਕੀਤੀ ਸੀ। ਉਸ ਦਾ ਕਹਿਣਾ ਹੈ ਕਿ ਉਹ ਅਪਣੇ ਪਰਵਾਰ ਤੋਂ ਇਸ ਲਈ ਭੱਜ ਰਹੀ ਹੈ ਕਿ ਉਸ ਨੂੰ ਸਰੀਰਕ ਤੇ ਮਾਨਸਿਕ ਦਰਦ ਦਿਤਾ ਜਾਂਦਾ ਸੀ। ਉਸ ਨੇ ਕਿਹਾ ਕਿ ਮੇਰਾ ਪਰਵਾਰ ਸਖ਼ਤ ਹੈ ਤੇ ਮੇਰੇ ਵਾਲ ਕੱਟਣ ਉੱਤੇ ਉਨ੍ਹਾਂ ਨੇ 6 ਮਹੀਨੇ ਮੈਨੂੰ ਇਕ ਕਮਰੇ ਵਿਚ ਬੰਦ ਰੱਖਿਆ ਸੀ, ਜੇ ਮੈਨੂੰ ਵਾਪਸ ਭੇਜਿਆ ਤਾਂ ਯਕੀਨਨ ਮੈਨੂੰ ਕੈਦ ਕਰ ਲਿਆ ਜਾਵੇਗਾ ਤੇ ਮੈਨੂੰ ਸੌ ਫ਼ੀਸਦੀ ਯਕੀਨ ਹੈ ਕਿ ਸਾਊਦੀ ਅਰਬ ਜੇਲ੍ਹ ਤੋਂ ਨਿਕਲਦੇ ਸਾਰ ਮੈਨੂੰ ਮਾਰ ਦਿਤਾ ਜਾਵੇਗਾ। ਰਹਾਫ ਨੇ ਕਿਹਾ ਕਿ ਉਹ ਡਰੀ ਹੋਈ ਹੈ ਤੇ ਉਸ ਦੀ ਆਸ ਖਤਮ ਹੋ ਗਈ ਹੈ।

ਥਾਈਲੈਂਡ ਦੇ ਮੁੱਖ ਇਮੀਗ੍ਰੇਸ਼ਨ ਅਫ਼ਸਰ ਸੁਰਚਾਟੇ ਹਾਕਪਾਰਨ ਨੇ ਕਿਹਾ ਕਿ ਰਹਾਫ ਜਦੋਂ ਐਤਵਾਰ ਨੂੰ ਕੁਵੈਤ ਤੋਂ ਇੱਥੇ ਪੁੱਜੀ ਤਾਂ ਉਸ ਨੂੰ ਰੋਕ ਲਿਆ ਗਿਆ। ਉਨ੍ਹਾਂ ਕਿਹਾ ਕਿ ਉਸ ਕੋਲ ਵਾਪਸੀ ਟਿਕਟ, ਦਸਤਾਵੇਜ਼ ਜਾਂ ਪੈਸੇ ਨਹੀਂ ਸਨ। ਉਹ ਹਵਾਈ ਅੱਡੇ ਦੇ ਇਕ ਹੋਟਲ ਵਿਚ ਹੈ। ਉਨ੍ਹਾਂ ਨੇ ਕਿਹਾ ਕਿ ਉਹ ਵਿਆਹ ਤੋਂ ਬਚਣ ਲਈ ਅਪਣੇ ਪਰਵਾਰ ਤੋਂ ਦੂਰ ਭੱਜੀ ਹੈ। ਉਸ ਨੂੰ ਸਾਊਦੀ ਅਰਬ ਮੁੜਨ ਉੱਤੇ ਮੁਸ਼ਕਲਾਂ ਦਾ ਡਰ ਹੈ, ਅਸੀਂ ਉਸ ਦੀ ਮਦਦ ਲਈ ਅਧਿਕਾਰੀ ਭੇਜੇ ਹਨ। ਉਨ੍ਹਾਂ ਕਿਹਾ ਕਿ ਥਾਈ ਸਰਕਾਰ ਨੇ ਸਾਊਦੀ ਅਰਬ ਦੂਤਘਰ ਨਾਲ ਸੰਪਰਕ ਕੀਤਾ ਹੈ। ਰਹਾਫ ਨੇ ਉਨ੍ਹਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਉਹ ਆਸਟਰੇਲੀਆ ਵਿਚ ਸ਼ਰਨ ਲੈਣ ਚੱਲੀ ਸੀ, ਪਰ ਉਸ ਨੂੰ ਸਵਰਨਭੂਮੀ ਹਵਾਈ ਅੱਡੇ ਉੱਤੇ ਉੱਤਰਨ ਉੱਤੇ ਸਾਊਦੀ ਅਤੇ ਕੁਵੈਤੀ ਅੰਬੈਸੀ ਦੇ ਨੁਮਾਂਇੰਦਿਆਂ ਨੇ ਰੋਕ ਲਿਆ ਹੈ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਕੁੰਭ ਮੇਲੇ ਵਿੱਚ ਈ-ਰੁਪਿਆ ਚੱਲਿਆ, ਪਾਂਡੇ ਸਵਾਈਪ ਮਸ਼ੀਨ ਦੇ ਨਾਲ ਦੱਖਣਾ ਲੈਣ ਲੱਗੇ

ਪ੍ਰਯਾਗਰਾਜ, 7 ਜਨਵਰੀ (ਪੋਸਟ ਬਿਊਰੋ)- ਅਰਧ ਕੁੰਭ ਮੇਲਾ ਖੇਤਰ ਤੋਂ ਕਰੀਬ 200 ਮੀਟਰ ਦੂਰ ਸੰਗਮ ਤਟ 'ਤੇ ਖੜ੍ਹੇ ਪੱਤਰਕਾਰ ਥੋੜ੍ਹਾ ਅੱਗੇ ਵਧੇ ਤਾਂ ਹੈਰਾਨੀ ਵਾਲਾ ਨਜ਼ਾਰਾ ਸੀ। ਇਥੇ ਪਾਂਡਿਆਂ ਦੀ ਲਾਈਨ ਵਿੱਚ ਬੈਠੇ ਰਾਮਕ੍ਰਿਸ਼ਨ ਤਿਵਾੜੀ ਇੱਕ ਸ਼ਰਧਾਲੂ ਤੋਂ ਸਵਾਈਪ ਮਸ਼ੀਨ ਨਾਲ ਦੱਖਣਾ ਲੈ ਰਹੇ ਸਨ।

32 ਸਾਲਾ ਰਾਮਕ੍ਰਿਸ਼ਨ ਤਿਵਾੜੀ ਨੇ ਦੱਸਿਆ ਕਿ ਕਰੀਬ ਚਾਲੀ ਫੀਸਦੀ ਸ਼ਰਧਾਲੂ ਸਵਾਈਪ ਮਸ਼ੀਨ ਨਾਲ ਪੇਮੈਂਟ ਕਰਦੇ ਹਨ। ਉਨ੍ਹਾਂ ਦੱਸਿਆ ਕਿ ਅਸੀਂ ਸੋਚਿਆ ਕਿ ਇਥੇ ਦੇਸ਼-ਵਿਦੇਸ਼ ਤੋਂ ਲੋਕ ਆਉਂਦੇ ਹਨ, ਇਸ ਲਈ ਜਦ ਸਭ ਕੁਝ ਹਾਈਟੈੱਕ ਹੋ ਰਿਹਾ ਹੈ ਤਾਂ ਅਸੀਂ ਹਾਈਟੈੱਕ ਕਿਉਂ ਨਾ ਹੋਈਏ?

ਪੱਤਰਕਾਰ ਥੋੜ੍ਹਾ ਅੱਗੇ ਵਧੇ ਤਾਂ ਚਾਰ ਛਤਰ ਵਾਲੇ ਪ੍ਰਭਾਤ ਮਿਸ਼੍ਰ ਤੇ ਟੀਕਾ ਸਪੈਸ਼ਲਿਸਟ ਗੋਪਾਲ ਗੁਰੂ ਮਿਲੇ। ਉਹ ਵੀ ਦੋਵੇਂ ਜਣੇ ਪੇ ਟੀ ਐਮ ਦੇ ਰਾਹੀਂ ਦੱਖਣਾ ਲੈ ਰਹੇ ਹਨ। ਇਥੇ ਕਈ ਅਜਿਹੇ ਪਾਂਡੇ ਸਨ, ਜੋ ਦੱਖਣਾ ਦੇ ਲਈ ਇਸੇ ਤਰ੍ਹਾਂ ਵੱਖ-ਵੱਖ ਡਿਜੀਟਲ ਢੰਗ ਵਰਤ ਰਹੇ ਹਨ। ਪੰਜਾਬ ਨੈਸ਼ਨਲ ਬੈਂਕ ਇਸ ਮੇਲੇ ਲਈ ਈ-ਰੁਪਿਆ ਵੀ ਲਾਂਚ ਕਰ ਰਿਹਾ ਹੈ। ਇਸ ਮੇਲੇ ਦੇ ਸੂਚਨਾ ਵਿਭਾਗ ਦੇ ਡਿਪਟੀ ਡਾਇਰੈਕਟਰ ਸੰਜੇ ਰਾਏ ਨੇ ਦੱਸਿਆ ਕਿ ਮੇਲਾ ਅਥਾਰਟੀ ਦੇ ਨਾਲ ਪੀ ਐੱਨ ਬੀ ਦਾ ਐਗਰੀਮੈਂਟ ਹੋਇਆ ਹੈ। ਇਹ ਮੇਲੇ ਲਈ ਵਿਸ਼ੇਸ਼ ਤੌਰ ਉੱਤੇ ਈ-ਰੁਪਿਆ ਲਾਂਚ ਕਰਨਗੇ। ਜਿਸ ਨੂੰ ਨਕਦੀ ਗੁਆਚਣ ਦਾ ਡਰ ਹੈ ਉਹ ਮੇਲਾ ਖੇਤਰ ਵਿੱਚ ਲੱਗੇ ਸਟਾਲ ਉੱਤੇ ਕੈਸ਼ ਜਮ੍ਹਾ ਕਰ ਕੇ ਈ-ਰੁਪਿਆ ਕਾਰਡ ਲੈ ਸਕਦਾ ਹੈ। ਕਾਰਡ ਵਿੱਚ ਬਚਿਆ ਪੈਸਾ ਪੀ ਐੱਨ ਬੀ ਦੇ ਸਟਾਲ ਤੋਂ ਵਾਪਸ ਲੈਣ ਦੀ ਸਹੂਲਤ ਰਹੇਗੀ।

ਪੀ ਐੱਨ ਬੀ ਦੇ ਐੱਮ ਡੀ ਸੁਨੀਲ ਮਹਿਤਾ ਨੇ ਦੱਸਿਆ ਕਿ ਮੇਲਾ ਖੇਤਰ ਵਿੱਚ 1000 ਡਾਕਟਰਾਂ ਨੂੰ ਵੀ ਸਵਾਈਪ ਮਸ਼ੀਨ ਦਿੱਤੀ ਗਈ ਹੈ ਅਤੇ ਹੋਰਨਾਂ ਬੈਂਕਾਂ ਦੇ ਏ ਟੀ ਐੱਮ ਬੂਥ ਅਤੇ ਮੋਬਾਈਲ ਏ ਟੀ ਐਮ ਬੂਥ ਇਸ ਮੇਲਾ ਕੰਪਲੈਕਸ ਵਿੱਚ ਚੱਲਦੇ ਰਹਿਣਗੇ। ਅਧਿਕਾਰੀਆਂ ਦੇ ਮੁਤਾਬਕ 10 ਜਨਵਰੀ ਮਗਰੋਂ ਪਾਂਡਿਆਂ ਤੇ ਦੁਕਾਨਦਾਰਾਂ ਨੂੰ ਡਿਜੀਟਲ ਪੇਮੈਂਟ ਦੀਆਂ ਹੋਰ ਵੀ ਸਹੂਲਤਾਂ ਦਿੱਤੀਆਂ ਜਾਣਗੀਆਂ। ਪੇ ਟੀ ਐੱਮ ਨੇ ਵੀ ਕੁੰਭ ਵਿੱਚ ਦੁਕਾਨਾਂ 'ਤੇ ਆਪਣੀ ਸਹੂਲਤ ਦੇਣੀ ਸ਼ੁਰੂ ਕਰ ਦਿੱਤੀ ਹੈ। ਪਹਿਲੀ ਵਾਰ ਕੁੰਭ ਵਿੱਚ ਏਅਰ ਐਂਬੂਲੈਂਸ ਦਾ ਪ੍ਰਬੰਧ ਕੀਤਾ ਗਿਆ ਅਤੇ ਕੁੰਭ ਦੇ ਐਂਟਰੀ ਪੁਆਇੰਟਾਂ ਉਤੇ 20 ਸਿਗਨੇਚਰ ਗੇਟ ਬਣਾਏ ਗਏ ਹਨ। ਇਥੋਂ ਸ਼ਰਧਾਲੂ ਮੇਲੇ ਵਿੱਚ ਦਾਖਲ ਹੋਣਗੇ।

# ਕੀ ਟਰੂਡੋ ਸਰਕਾਰ ਸੀ ਪੀ ਟੀ ਬੀ ਸ਼ੁਰੂ ਕਰੇਗੀ?

ਸੁਰਜੀਤ ਸਿੰਘ ਫਲੋਰਾ



ਕੈਨੇਡੀਅਨ ਲੋਕ ਕੁੱਤੇ ਤੇ ਬਿੱਲੀਆਂ ਰੱਖਣ ਦੇ ਬਹੁਤ ਸ਼ੌਕੀਨ ਹਨ। ਭਾਂਵੇ ਇਹ ਕੁੱਤੇ ਬਿੱਲੀਆਂ ਦਾ ਖਰਚਾ ਦੇਖਭਾਲ ਲਈ ਕੋਈ ਸਾਲ ਦਾ 2 ਤੋਂ ਤਿੰਨ ਹਜਾਂਰ ਡਾਲਰ ਸਿਰਫ਼ ਵੈਕਸੀਨ ਤੇ ਲਗਦਾ ਹੈ। ਬਾਕੀ ਖਾਣ ਪੀਣ ਵਾਲੀ ਰੋਟੀ ਪਾਣੀ ਦਾ ਖਰਚਾ ਵੱਖਰਾ।

ਅੱਜ ਕੱਲ੍ਹ ਦੇ ਹਲਾਤ ਕੰਮਾ-ਕਾਜਾਂ ਦੇ ਇੰਨੇ ਬੁਰੇ ਹਨ ਕਿ ਇੰਨਸਾਨ ਲਈ ਖੁਦ ਦੀ ਰੋਟੀ ਪਾਣੀ ਦੇ ਖਰਚ ਪੂਰੇ ਕਰਨ ਲਈ ਲਾਲੇ ਪਏ ਹੋਏ ਹਨ। ਪਰ ਇਸ ਦੇ ਬਾਵਜੂਦ ਬਹੁਤ ਸਾਰੇ ਕੈਨੇਡੀਅਨ ਕੁੱਤੇ ਤੇ ਬਿਲੀਆਂ ਨੂੰ ਪਾਲਣ ਦਾ ਪੂਰਾ ਪੂਰਾ ਸ਼ੌਕੀਨ ਰੱਖਦੇ ਹਨ।

ਇਥੋਂ ਤੱਕ ਕੇ ਉਹਨਾਂ ਨੂੰ ਆਪਣੇ ਬੱਚੇ ਦੱਸਦੇ ਹਨ। ਉਹ ਉਹਨਾਂ ਨੂੰ ਆਪਣੀ ਔਲਾਦ ਦੀ ਤਰ੍ਹਾਂ ਪਾਲਦੇ ਹਨ। ਬਜ਼ੁਰਗ ਲੋਕ ਜਦੋਂ ਉਹਨਾਂ ਦੇ ਕੋਲ ਕੋਈ ਨਹੀਂ ਰਹਿੰਦਾ ਉਹ ਵੀ ਕੁੱਤਾ ਪਾਲ ਲੈਂਦੇ ਹਨ ਤੇ ਇਕ ਪਰੀਵਾਰ ਦੀ ਤਰ੍ਹਾਂ ਰਹਿੰਦੇ ਹਨ। ਕੁਝ ਸਮੇਂ ਤੋਂ ਇਹ ਕੁੱਤੇ ਬਿੱਲੀਆਂ ਦੀ ਔਲਦਾ ਇਹਨਾਂ ਦਾ ਪਿਆਰ ਕ੍ਰਿਸਮਿਸ ਸਮੇਂ ਹੁਣ ਰੀਤ ਜਿਹੀ ਸ਼ੁਰੂ ਹੋ ਗਈ ਹੈ ਕਿ ਸੈਂਟਾ ਕਲਾਉਸ ਨਾਲ ਫੋਟੋ ਕਰਵਾਉਣ ਦੀ । ਇਹਨਾਂ ਜਾਨਵਰਾਂ ਦੀ ਫੋਟੋ ਲਈ ਦਿਨ ਮਿਥਿਆਂ ਜਾਂਦਾ ਹੈ । ਫਿਰ ਜਿਵੇਂ ਬੱਚੇ ਸੈਂਟੇ ਦੀ ਗੋਦੀ ਵਿਚ ਬੈਠ ਕੇ ਫੋਟੋ ਖਿਚਵਾਉਂਦੇ ਹਨ ਤਿਵੇਂ ਹੀ ਇਹਨਾਂ ਬਿੱਲੀਆਂ ਅਤੇ ਕੁੱਤਿਆਂ ਦੀਆਂ ਤਸਵੀਰਾਂ ਲਇਆਂ ਜਾਂਦੀਆਂ ਹਨ।

ਹੁਣ ਗੱਲ ਇਹ ਹੈ ਜੇਕਰ ਕੈਨੇਡੀਅਨ ਲੋਕ ਇਹਨਾਂ ਨੂੰ ਬੱਚਿਆਂ ਦੀ ਤਰ੍ਹਾਂ ਪਾਲਦੇ ਪੋਸਦੇ ਹਨ। ਐਨਾ ਖਰਚ ਕਰਦੇ ਹਨ। ਆਪਣੀ ਔਲਾਦ ਮੰਨਦੇ ਹਨ। ਕਿਤੇ ਨਾ ਕਿਤੇ ਕੈਨੇਡੀਅਨ ਚਾਰਟਸ ਆਫ ਰਾਇਟ ਵਿਚ ਇਹਨਾਂ ਦੀ ਦੇਖਭਾਲ ਲਈ ਜਾਂ ਕਿਸੇ ਕੈਨੇਡੀਅਨ ਕਾਨੂੰਨ ਵਿਚ ਕੋਈ ਭੱਤਾਂ ਇਹਨਾਂ ਲੋਕਾਂ ਲਈ ਨਹੀਂ ਹੈ ਜਿਸ ਨਾਲ ਇਹਨਾਂ ਦੀ ਮਦਦ ਹੋ ਸਕੇ ?

ਪਿਛਲੀਆਂ ਫੈਡਰਲ ਚੋਂਣਾ ਵਿਚ ਟਰੂਡੋ ਨੇ ਮਾਂਪਿਆ ਨੂੰ ਖੁਸ਼ ਕਰਨ ਲਈ ਉਹਨਾਂ ਦੇ ਬੱਚਿਆਂ ਨੂੰ ਮਿਲ ਰਹੇ ਚਾਇਲਡ ਭੱਤੇ ਵਿਚ ਵਾਧਾ ਕਰਕੇ ਖੁਸ਼ ਕਰ ਦਿੱਤਾ ਸੀ ਤੇ ਕਿਸੇ ਹੱਦ ਤੱਕ ਸੈਲਫੀ ਬੋਏ ਨੇ ਬੱਚਿਆਂ ਨਾਲ ਧੜਾ ਧੜ ਫੋਟੋ ਵੀ ਕਰਵਾਇਆਂ ਸਨ।

ਲਗਦਾ ਹੈ ਇਸ ਮੇਰੇ ਛੋਟੇ ਜਿਹੇ ਆਰਟੀਕਲ ਨੂੰ ਪੜ੍ਹ ਕੇ ਟਰੂਡੋ ਸਰਕਾਰ ਇਕ ਵਾਰ ਫਿਰ ਤੋਂ ਜਿੰਨ੍ਹਾਂ ਕੈਨੇਡੀਅਨਾਂ ਨੇ ਜਾਨਵਰ ਪਾਲ ਰੱਖੇ ਹਨ ਉਹਨਾਂ ਵਾਰੇ ਸੋਚਣਗੇ ਅਤੇ ਇਹ ਜੋ ਕੁੱਤੇ ਬਿੱਲੇ ਬੱਚਿਆਂ ਦੇ ਭੱਤੇ ਵਾਰੇ ਜਰੂਰ ਸੋਚਣਗੇ ਆਖਿਰ ਕਾਰ ਇਹ ਵੀ ਕੈਨੇਡੀਅਨ ਦੇ ਬੱਚੇ ਹੀ ਹਨ।

ਜੇਕਰ ਉਮਰ ਖਾਨ ਵਰਗੇ ਅੱਤਵਾਦੀ 10-10 ਮਿਲੀਅਨ ਕੈਨੇਡੀਅਨ ਕਾਨੂੰਨ ਅਤੇ ਚਾਰਟਸ ਆਫ ਰਾਇਟ ਅਧੀਨ ਲੈ ਸਕਦੇ ਹਨ। ਇਹ ਟੈਕਸ ਪੇਅਰ ਕੈਨੇਡੀਅਨ ਲੋਕ ਜੋ ਕੁੱਤੇ ਬਿੱਲੇ ਪਾਲਦੇ ਹਨ ਤੇ ਉਹਨਾਂ ਨੂੰ ਪਾਲਣ ਤੇ, ਉਹਨਾਂ ਦੀ ਦੇਖਭਾਲ ਕਰਨ ਤੇ ਇੰਨਾ ਪੈਸਾ ਖਰਚ ਕਰਦੇ ਹਨ ਤੇ ਗੋਰਮਿੰਟ ਦਾ ਫਰਜ਼ ਬਣਦਾ ਹੈ ਉਹ ਉਹਨਾਂ ਦੀ ਮਦਦ ਕਰੇ।

ਜੇਕਰ ਇਸ ਮੇਰੇ ਛੋਟੇ ਜਿਹੇ ਆਰਟੀਕਲ ਨੂੰ ਟਰੂਡੋ ਸਰਕਾਰ ਸਮਝੇਗੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਟਰੂਡੋ ਸਰਕਾਰ " ਸੀ ਟੀ ਟੀ ਬੀ ( ਛਛਠਭ) ਛਅਨਅਦਿਅਿਨ ਛਹਲਿਦ ਠਅਣ ਬੲਨੲਾਿਟ ਤੋਂ ਬਾਅਦ ਸੀ ਪੀ ਟੀ ਬੀ (ਛਪਠਭ ) (ਛਅਨਅਦਿਅਿਨ ਪੲਟ ਠਅਣ ਭੲਨੲਾਿਟ) ਦਾ ਐਲਾਨ ਕਰੇਗੀ । ਜਿਥੇ ਪਿਛਲੀਆਂ ਚੌਣਾ ਵਿਚ ਟਰੂਡੋ ਸਾਹਿਬ ਬੱਚਿਆਂ ਨਾਲ ਫੋਟੋ ਖਿਚਵਾਉਣ ਵਿਚ ਮਸ਼ਰੂਫ ਸਨ ਉਥੇ ਉਹ ਆ ਰਹੀਆਂ ਚੌਣਾ ਵਿਚ ਕੁੱਤੇ ਬਿੱਲਿਆਂ ਨੂੰ ਗੋਦੀ ਵਿਚ ਚੁਕਦੇ ਸੈਲਫੀ ਕਰਵਾਉਂਦੇ ਨਜ਼ਰ ਜਰੂਰ ਆਉਣਗੇ।

ਦੇਖਣ ਤੇ ਸੋਚਣ ਵਾਲੀ ਇਹ ਵੀ ਗੱਲ ਹੋਵੇਗੀ ਕਿ ਉਹ ਆਪਣੇ ਹਜਾਰਾਂ ਡਾਲਰ ਵਾਲੇ ਜੋ ਕੈਨੇਡੀਅਨ ਟੈਕਸ ਦਾਤਿਆਂ ਦੇ ਸਿਰ ਤੇ ਖ੍ਰੀਦੇ ਕੋਟ ਪਿੰਟ ਵਿਚ ਆਉਂਦੇ ਹਨ ਜਾਂ ਫਿਰ ਕਿਸੇ ਵਿਸ਼ੇਸ਼ ਗੋਨ ਵਿਚ ਇਹਨਾਂ ਕੁੱਤੇ ਬਿੱਲਿਆਂ ਨਾਲ ਸੈਲਫ਼ੀ ਦਾ ਲੋਤਫ਼ ਲੈਂਦੇ ਹਨ।

ਗੱਲ ਇਹ ਵੀ ਹੈ ਕਿ ਪਿਛਲੀਆਂ ਚੌਣਾ ਵਿਚ ਤਾਂ ਉਹ ਪਹਿਲੀ ਵਾਰ ਪ੍ਰਧਾਨ ਮੰਤਰੀ ਦੀ ਸੀਟ ਲਈ ਲੜਿਆਂ ਸੀ । ਲੋਕਾਂ ਨੂੰ ਉਸ ਵਾਰੇ ਕੋਈ ਗਿਆਨ ਨਹੀਂ ਸੀ ਕਿ ਉਹ ਕਿੰਨਾਂ ਕੁ ਕੈਨੇਡਾ ਨੂੰ ਅੱਗੇ ਲੈ ਕੇ ਜਾਵੇਗਾ। ਤੇ ਕੀ ਕੁਝ ਕੈਨੇਡਾ ਦਾ ਸਵਾਰ ਸਕਦਾ ਹੈ। ਪਰ ਇਸ ਵਾਰ ਲੋਕਾਂ ਦੀਆਂ ਨਜ਼ਰਾਂ ਤੋਂ ਕੁਝ ਵੀ ਛਿਪਿਆਂ ਹੋਇਆਂ ਨਹੀਂ ਹੈ। ਜੋ ਉਸ ਨੇ ਭਾਰਤ ਦੇ ਫੇਰੀ ਤੇ ਖਾਲਸਤਾਨੀਆਂ ਨੂੰ ਕੈਨੇਡਾ ਵਿਚ ਥਾਂ ਦੇਣ ਵਰਗੇ ਮੁਦੇ। ਕੈਨੇਡਾ ਦਾ ਨਾਂ ਮਿੱਟੀ ਵਿਚ ਰੌਲਣ ਵਰਗੇ ਮੁਦੇ ਸਭ ਦੇ ਸਾਹਮਣੇ ਹਨ।

ਹੁਣ ਦੇਖਣ ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਇਹਨਾਂ ਭੱਤਿਆਂ ਪਿਛੇਂ ਜਾਣਗੇ ਜਾਂ ਫਿਰ ਕੈਨੇਡਾ ਦੇ ਕਲਚਰ, ਕੈਨੇਡਾ ਦਾ ਸਵੇ-ਮਾਨ ਆਤਮ ਸਮਾਨ ਨੂੰ ਪਹਿਲ ਦੇਣਗੇ। ਇਹ ਤਾਂ ਸਮਾਂ ਹੀ ਦੱਸੇਗਾ। ਜਿਸ ਦੀ ਸਾਨੂੰ ਸਭ ਨੂੰ ਇੰਤਜਾਰ ਕਰਨਾ ਪਵੇਗਾ।

## ਆਈ ਏ ਐੱਸ ਅਫਸਰ ਚੰਦਰਕਲਾ ਉੱਤੇ ਸੀ ਬੀ ਆਈ ਦੇ ਛਾਪੇ

ਲਖਨਊ, 7 ਜਨਵਰੀ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਰਾਜ ਵਿੱਚ ਕਰੋੜਾਂ ਰੁਪਏ ਦੇ ਮਾਈਨਿੰਗ ਘੁਟਾਲੇ ਵਿੱਚ ਸੀ ਬੀ ਆਈ ਨੇ ਸ਼ਨੀਵਾਰ ਵੱਡੀ ਕਾਰਵਾਈ ਕੀਤੀ ਹੈ। ਆਈ ਏ ਐੱਸ ਅਧਿਕਾਰੀ ਬੀ ਚੰਦਰਕਲਾ ਦੇ ਲਖਨਊ ਦੇ ਫਲੈਟ ਸਮੇਤ ਹੋਰ ਜ਼ਿਲ੍ਹਿਆਂ ਵਿੱਚ ਮਾਈਨਿੰਗ ਵਿਭਾਗ ਦੇ ਮੁਲਾਜ਼ਮਾਂ ਤੇ ਠੇਕੇਦਾਰਾਂ ਦੇ 14 ਅੱਡਿਆਂ 'ਤੇ ਛਾਪੇਮਾਰੀ ਕੀਤੀ ਦੌਰਾਨ ਸੀ ਬੀ ਆਈ ਨੂੰ ਮਾਈਨਿੰਗ ਘੁਟਾਲੇ ਨਾਲ ਜੁੜੇ ਅਹਿਮ ਦਸਤਾਵੇਜ਼ ਮਿਲੇ ਹਨ।

ਮਿਲੀ ਜਾਣਕਾਰੀ ਅਨੁਸਾਰ ਸੀ ਬੀ ਆਈ ਨੇ 2008 ਬੈਚ ਦੀ ਆਈ ਏ ਐੱਸ ਅਫਸਰ ਚੰਦਰਕਲਾ ਅਤੇ ਐੱਮ ਐੱਲ ਸੀ ਰਮੇਸ਼ ਮਿਸ਼ਰਾ ਸਮੇਤ 11 ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਹੈ। ਚੰਦਰਕਲਾ ਇਸ ਵੇਲੇ ਸਟੱਡੀ ਲੀਵ ਉੱਤੇ ਹਨ। ਸਮਾਜਵਾਦੀ ਪਾਰਟੀ ਵਿੱਚ ਮਾਈਨਿੰਗ ਮੰਤਰੀ ਰਹੇ ਗਾਇਤਰੀ ਪ੍ਰਸਾਦ ਪਰਜਾਪਤੀ ਉੱਤੇ ਕਾਨੂੰਨੀ ਸ਼ਿਕੰਜਾ ਕੱਸਿਆ ਜਾਣ ਤੋਂ ਬਾਅਦ ਸੀ ਬੀ ਆਈ ਦਾ ਨਿਸ਼ਾਨਾ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਵੀ ਹੋ ਸਕਦਾ ਹੈ। ਅਖਿਲੇਸ਼ ਯਾਦਵ ਸਮਾਜਵਾਦੀ ਪਾਰਟੀ ਦੇ ਸ਼ੁਰੂ ਦੇ ਰਾਜ ਵਿੱਚ ਮਾਈਨਿੰਗ ਵਿਭਾਗ ਦੇ ਮੰਤਰੀ ਸਨ। ਚੰਦਰਕਲਾ ਉਸ ਵੇਲੇ ਹਮੀਰਪੁਰ ਦੀ ਜ਼ਿਲਾ ਮੈਜਿਸਟਰੇਟ ਹੋਇਆ ਕਰਦੀ ਸੀ। ਮੁੱਢਲੀ ਜਾਂਚ ਵਿੱਚ ਸੀ ਬੀ ਆਈ ਨੇ ਓਦੋਂ ਦੇ ਮਾਈਨਿੰਗ ਮੰਤਰੀ ਵੱਲ ਇਸ਼ਾਰਾ ਕੀਤਾ ਹੈ। ਇਸ ਆਧਾਰ 'ਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਤੋਂ ਵੀ ਪੁੱਛਗਿੱਛ ਕੀਤੀ ਜਾ ਸਕਦੀ ਹੈ।

ਪਤਾ ਲੱਗਾ ਹੈ ਕਿ ਸੀ ਬੀ ਆਈ ਨੇ ਚੰਦਰਕਲਾ ਦਾ ਇੱਕ ਬੈਂਕ ਲਾਕਰ ਅਤੇ ਦੋ ਖਾਤੇ ਸੀਜ਼ ਕੀਤੇ ਹਨ। ਦੱਸਿਆ ਗਿਆ ਹੈ ਕਿ ਲਾਕਰ ਵਿੱਚ ਲੱਖਾਂ ਰੁਪਏ ਦੇ ਗਹਿਣੇ ਹਨ ਤੇ ਬੈਂਕ ਖਾਤਿਆਂ 'ਚ ਮੋਟੀ ਰਕਮ ਹੈ। ਇਸ ਤੋਂ ਇਲਾਵਾ ਸੀ ਬੀ ਆਈ ਟੀਮਾਂ ਨੇ ਹਮੀਰਪੁਰ ਵਿੱਚ ਓਦੋਂ ਦੇ ਮਾਈਨਿੰਗ ਅਫਸਰ ਮੁਈਨਉਦੀਨ, ਮਾਈਨਿੰਗ ਠੇਕੇਦਾਰ ਬਸਪਾ ਆਗੂ ਸੰਜੇ ਦੀਕਸ਼ਿਤ ਦੀ ਕੋਠੀ ਤੋਂ ਇਲਾਵਾ ਕਾਨਪੁਰ, ਨੋਇਡਾ, ਜਾਲੌਨ, ਉਰਈ ਅਤੇ ਦਿੱਲੀ ਸਥਿਤ ਮੁਲਜ਼ਮਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਅਤੇ ਕਈ ਦਸਤਾਵੇਜ਼ ਕਬਜ਼ੇ ਵਿੱਚ ਲਏ ਹਨ।









# ਡਰਨਾ ਜ਼ਰੂਰੀ ਹੈ..

-ਸੁਪਿੰਦਰ ਸਿੰਘ ਰਾਣਾ

ਗੁਆਂਢੀਆਂ ਦੇ ਦੋਹਤੇ ਨੇ ਘਰਦਿਆਂ ਵੱਲੋਂ ਬੁਲੇਟ ਮੋਟਰ ਸਾਈਕਲ ਨਾ ਦਿਵਾਉਣ 'ਤੇ ਫਾਹਾ ਲੈ ਲਿਆ। ਉਸ ਘਰ ਵਿੱਚ ਕਈ ਦਿਨ ਸੋਗ ਦਾ ਮਾਹੌਲ ਰਿਹਾ। ਮੁੰਡੇ ਦਾ ਨਾਨਾ ਜਦੋਂ ਕਦੇ ਸੈਰ ਕਰਦਾ ਮਿਲ ਜਾਂਦਾ ਤਾਂ ਇਹੀ ਆਖਦਾ ਹੁੰਦਾ ਸੀ ਕਿ ਅੱਜ ਕੱਲ੍ਹ ਦੇ ਨਿਆਣੇ ਮਾਪਿਆਂ ਦੇ ਘੰਡੀ ਵਿੱਚ ਅੰਗੂਠਾ ਦੇ ਕੇ ਸਾਰੀਆਂ ਗੱਲਾਂ ਮੰਨਵਾਉਂਦੇ ਹਨ, ਜੇ ਕੋਈ ਮੰਗ ਪੂਰੀ ਨਾ ਹੋਵੇ ਤਾਂ ਜਾਨ ਦੇਣ ਨੂੰ ਭੱਜਦੇ ਹਨ। ਸਾਡੇ ਵੇਲੇ ਬਾਪੂ ਮੂਹਰੇ ਤਾਂ ਕੀ, ਸ਼ਰੀਕੇ ਵਿੱਚ ਲੱਗਦੇ ਚਾਚੇ-ਤਾਇਆਂ ਅੱਗੇ ਵੀ ਕੋਈ ਕੁਸਕਦਾ ਨਹੀਂ ਸੀ।

ਇਸ ਘਟਨਾ ਨੇ ਬਚਪਨ ਵੇਲੇ ਨਾਨਕੇ ਪਿੰਡ ਭੂਰੜੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਛੋਟਾ ਮਾਮਾ ਦੁਬਈ ਗਿਆ ਹੋਇਆ ਸੀ ਤੇ ਵੱਡਾ ਏਅਰਫੋਰਸ ਵਿੱਚ ਹੋਣ ਕਾਰਨ ਘਰ ਤੋਂ ਦੂਰ ਹੀ ਰਹਿੰਦਾ ਸੀ। ਨਾਨਾ-ਨਾਨੀ ਕੋਲ ਆਪਣੇ ਬੱਚਿਆਂ ਨਾਲ ਛੋਟੀ ਮਾਮੀ ਰਹਿੰਦੀ ਸੀ। ਨਾਨਾ ਸਵੇਰੇ ਦਿਹਾੜੀ ਕਰਨ ਚਲੇ ਜਾਂਦਾ ਤੇ ਆਥਣੇ ਮੁੜਦਾ। ਅਸੀਂ ਜਦੋਂ ਨਾਨਕੇ ਘਰ ਵੀ ਛੁੱਟੀਆਂ ਮਨਾਉਣ ਜਾਂਦੇ ਤਾਂ ਪੂਰੀ ਆਜ਼ਾਦੀ ਮਾਣਦੇ। ਆਪਣੇ ਘਰ ਪਿਤਾ ਜੀ ਤੋਂ ਡਰ-ਡਰ ਕੇ ਰਹਿੰਦੇ ਸਾਂ। ਨਾਨਾ-ਨਾਨੀ ਤੇ ਮਾਮੀ ਸਾਨੂੰ ਬਹੁਤ ਲਾਡ ਪਿਆਰ ਕਰਦੇ। ਨਾਨਕੇ ਘਰ ਜਾ ਕੇ ਦੇਰ ਨਾਲ ਸੌਣਾ ਤੇ ਉਠਣਾ ਆਮ ਗੱਲ ਸੀ। ਛੋਟੇ ਮਾਮੇ ਦਾ ਵੱਡਾ ਮੁੰਡਾ ਕੁਲਵੀਰ ਅਕਸਰ ਮਾਮੀ ਨੂੰ ਡਰਾਉਂਦਾ ਰਹਿੰਦਾ, ਜੇ ਫਲਾਣੀ ਚੀਜ਼ ਨਾ ਦਿੱਤੀ, ਉਹ ਖੂਹ ਵਿੱਚ ਛਾਲ ਮਾਰ ਦੇਵੇਗਾ। ਜਦੋਂ ਅਸੀਂ ਛੁੱਟੀਆਂ ਵਿੱਚ ਨਾਨਕੇ ਜਾਣਾ ਤਾਂ ਕੁਲਵੀਰ ਨੇ ਮਾਮੀ ਤੋਂ ਖੂਹ ਦੇ ਡਰਾਵੇ ਨਾਲ ਕਈ ਸ਼ਰਤਾਂ ਪੂਰੀਆਂ ਕਰਵਾ ਲੈਣੀਆਂ। ਕਈ ਵਾਰ ਉਹ ਕਈ-ਕਈ ਦਿਨ ਸਕੂਲ ਨਾ ਜਾਂਦਾ। ਦੋਵੇਂ ਮਾਮੇ ਘਰੇ ਨਾ ਹੋਣ ਕਾਰਨ ਉਹ ਸਾਰਿਆਂ ਨੂੰ ਡਰਾ ਕੇ ਰੱਖਦਾ ਸੀ। ਮਾਮੀ ਡਰਦੀ ਮਾਰੀ ਕਿਸੇ ਨੂੰ ਦੱਸਦੀ ਵੀ ਨਹੀਂ ਸੀ ਕਿ ਕਿਤੇ ਕੋਈ ਕਾਰਾ ਹੀ ਨਾ ਹੋ ਜਾਵੇ। ਕੁਲਵੀਰ ਕਈ ਵਾਰ ਨਾਨਾ ਜੀ ਨੂੰ ਵੀ ਖੂਹ ਵਾਲਾ ਡਰਾਵਾ ਦੇ ਚੁੱਕਾ ਸੀ। ਇਕ ਦਿਨ ਛੁੱਟੀਆਂ ਸਮਾਪਤ ਹੋਣ ਦੇ ਨੇੜੇ ਪਿਤਾ ਜੀ ਸਾਨੂੰ ਲੈਣ ਨਾਨਕੇ ਆ ਗਏ। ਨਾਨੀ ਕੋਲ ਬੈਠ ਕੇ ਦੁੱਧ ਪੀਣ ਮਗਰੋਂ ਨਾਨੀ ਨੇ ਸਹਿਜ ਸੁਭਾਅ ਕੁਲਵੀਰ ਦੀਆਂ ਹਰਕਤਾਂ ਬਾਰੇ ਗੱਲ ਤੋਰ ਲਈ। ਜਦੋਂ ਕੁਲਵੀਰ ਆਥਣੇ ਖੇਡ ਕੇ ਘਰ ਆਇਆ ਤਾਂ ਪਿਤਾ ਜੀ ਦੇ ਨਾਲ ਵੀ ਰੁੱਖਾ ਜਿਹਾ ਬੋਲਿਆ। ਪਿਤਾ ਜੀ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਪਿਤਾ ਜੀ ਨੂੰ ਵੀ ਗੁੱਸਾ ਆ ਗਿਆ। ਉਨ੍ਹਾਂ ਕੁਲਵੀਰ ਨੂੰ ਬਾਂਹ ਤੋਂ ਫੜਿਆ ਤੇ ਖੂਹ ਵੱਲ ਲੈ ਤੁਰੇ। ਕੁਲਵੀਰ ਵੀ ਨਾਲ-ਨਾਲ ਤੁਰੀ ਗਿਆ। ਮਾਮੀ ਸਾਡੀ ਬਥੇਰੀਆਂ ਮਿੰਨਤਾਂ ਕਰਦੀ ਰਹੀ, 'ਛੱਡ ਵੀਰ, ਨਿਆਣਾ ਏ। ਆਪੇ ਅਕਲ ਆ ਜੂ ਗੀ।' ਅਸੀਂ ਸਾਰੇ ਪਿੱਛੇ-ਪਿੱਛੇ ਖੂਹ 'ਤੇ ਪਹੁੰਚ ਗਏ। ਮਾਮੀ ਕੁਲਵੀਰ ਨੂੰ ਆਖ ਰਹੀ, 'ਆਪਣੇ ਫੁੱਫੜ ਤੋਂ ਮਾਫੀ ਮੰਗ ਲੈ', ਪਰ ਉਹ ਹਰ ਗੱਲ ਨੂੰ ਅਣਸੁਣੀ ਕਰਕੇ ਪਿਤਾ ਜੀ ਨਾਲ ਚੱਲੀ ਜਾ ਰਿਹਾ ਸੀ। ਸੂਰਜ ਛਿਪਣ ਵਾਲਾ ਸੀ। ਮਾਮੀ ਨੇ ਗੁਆਂਢੀਆਂ ਦੀਆਂ ਮਿੰਨਤਾਂ ਕੀਤੀਆਂ, 'ਵੇ ਭਾਈ! ਤੁਸੀਂ ਹੀ ਮਨਾ ਕੇ ਵੇਖ ਲਓ। ਕਿਤੇ ਗੁੱਸੇ ਵਿੱਚ ਆ ਕੇ ਕੋਈ ਜਾਹ ਜਾਂਦੀ ਨਾ ਹੋ ਜਾਵੇ।' ਖੂਹ ਕੋਲ ਜਾ ਕੇ ਪਿਤਾ ਜੀ ਨੇ ਕਿਹਾ, 'ਆ ਜਾ ਕੁਲਵੀਰ, ਮੈਂ ਦਿੰਦਾ ਹਾਂ ਤੈਨੂੰ ਖੂਹ ਵਿੱਚ ਧੱਕਾ।' ਨਾਲ ਹੀ ਉਨ੍ਹਾਂ ਕੁਲਵੀਰ ਦੀ ਬਾਂਹ ਫੜ ਕੇ ਜ਼ੋਰ ਦਾ ਝੂਟਾ ਜਿਹਾ ਮਾਰਿਆ। ਕੁਲਵੀਰ ਦਾ ਹਾਲ ਦੇਖਣ ਵਾਲਾ ਸੀ। ਉਸ ਨੇ ਅੱਖਾਂ ਬੰਦ ਕਰ ਲਈਆਂ ਤੇ ਉਚੀ-ਉਚੀ ਰੋਂਦਾ ਪਿਤਾ ਜੀ ਤੋਂ ਬਾਂਹ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ, 'ਫੁੱਫੜ ਜੀ, ਅੱਜ ਤੋਂ ਬਾਅਦ ਅਜਿਹਾ ਕਦੇ ਨਹੀਂ ਕਰੂੰਗਾ, ਮੈਨੂੰ ਮੁਆਫ ਕਰ ਦਿਓ।'

ਜਦੋਂ ਕੁਲਵੀਰ ਨੇ ਕਈ ਵਾਰ ਮੁਆਫੀ ਮੰਗੀ ਤਾਂ ਪਿਤਾ ਜੀ ਦਾ ਗੁੱਸਾ ਕੁਝ ਠੰਢਾ ਹੋਇਆ। ਫਿਰ ਵੀ ਪਿਤਾ ਜੀ ਨੇ ਉਸ ਦੇ ਦੋ ਤਿੰਨ ਥੱਪੜ ਜੜ ਦਿੱਤੇ। ਪਿਤਾ ਜੀ ਖੂਹ ਤੋਂ ਉਸ ਨੂੰ ਘਰ ਲੈ ਆਏ। ਉਨ੍ਹਾਂ ਕੁਲਵੀਰ ਨੂੰ ਸਮਝਾਇਆ, 'ਜੇ ਤੂੰ ਖੂਹ ਵਿੱਚ ਛਾਲ ਮਾਰ ਦੇਵੇਂਗਾ ਤਾਂ ਕਿਸੇ ਦਾ ਕੁਝ ਨਹੀਂ ਜਾਣਾ। ਕੁਝ ਦਿਨ ਰੋ ਕੇ ਸਭ ਨੇ ਆਪੋ ਆਪਣੇ ਕਿੱਤੇ ਲੱਗ ਜਾਣਾ ਹੈ। ਤੇਰੀ ਮਾਂ ਦਾ ਹਾਲ ਬੁਰਾ ਹੋ ਜਾਣਾ ਹੈ।' ਬੱਸ, ਉਹ ਦਿਨ ਤੇ ਅੱਜ ਦਾ ਦਿਨ, ਕੁਲਵੀਰ ਨੇ ਭੁੱਲ ਭੁਲੇਖੇ ਵੀ ਕਦੇ ਖੂਹ ਦੀ ਗੱਲ ਨਹੀਂ ਕੀਤੀ। ਕਈ ਮਹੀਨੇ ਤਾਂ ਉਹ ਮਾਮੀ ਨਾਲ ਮਿੱਠੇ ਲਾਲ ਚੌਲ ਬਣਾ ਕੇ ਖੂਹ ਉੱਤੇ ਖਵਾਜੇ ਦਾ ਮੱਥਾ ਟੇਕਣ ਵੀ ਨਹੀਂ ਗਿਆ। ਕਈ ਵਾਰ ਕੁਲਵੀਰ ਜਦੋਂ ਕੋਈ ਗੱਲ ਨਹੀਂ ਮੰਨਦਾ ਸੀ ਤਾਂ ਮਾਮੀ ਆਖ ਦਿੰਦੀ ਸੀ, 'ਬੁਲਾਵਾਂ ਤੇਰੇ ਪਲਸੌਰੇ ਵਾਲੇ ਫੁੱਫੜ ਨੂੰ,' ਤੇ ਕੁਲਵੀਰ ਚਾਈ-ਚਾਈ ਕੰਮ ਕਰ ਲੈਂਦਾ। ਇਸੇ ਡਰ ਕਾਰਨ ਸ਼ਾਇਦ ਉਹ ਬਾਰ੍ਹਵੀਂ ਜਮਾਤ ਕਰ ਗਿਆ।

ਪਿਤਾ ਜੀ ਦੇ ਪੂਰੇ ਹੋਣ ਪਿੱਛੋਂ ਕਰੀਬ ਛੇ ਮਹੀਨੇ ਬਾਅਦ ਕੁਲਵੀਰ ਵਿਦੇਸ਼ੋਂ ਆਇਆ, ਦੂਜੇ ਦਿਨ ਆਪਣੇ ਪੁੱਤਰ ਨੂੰ ਲੈ ਕੇ ਸਾਡੇ ਘਰ ਪਹੁੰਚ ਗਿਆ। ਆਪਣੇ ਫੁੱਫੜ ਦੀਆਂ ਗੱਲਾਂ ਯਾਦ ਕਰਕੇ ਉਹ ਰੋਣ ਲੱਗ ਪਿਆ। ਉਹ ਆਪਣੇ ਪੁੱਤਰ ਨੂੰ ਆਖ ਰਿਹਾ ਸੀ, 'ਜੇ ਉਸ ਵੇਲੇ ਫੁੱਫੜ ਮੈਨੂੰ ਖੂਹ 'ਤੇ ਨਾ ਲਿਜਾਂਦਾ, ਸਿੱਧੇ ਰਾਹ ਨਾ ਪਾਉਂਦਾ ਤਾਂ ਸ਼ਾਇਦ ਮੈਂ ਵੀ ਫਲਾਣੇ ਦੇ ਮੁੰਡੇ ਵਾਂਗ ਜਾਂ ਤਾਂ ਆਪਣੀ ਜੀਵਨ ਲੀਲਾ ਖਤਮ ਕਰ ਲੈਣੀ ਸੀ ਜਾਂ ਫਿਰ ਕਿਸੇ ਮਾੜੀ ਸੰਗਤ ਵਿੱਚ ਪੈ ਜਾਣਾ ਸੀ।

# ਫਿਲਮਾਂ ਵਾਲੇ ਵੀ ਜ਼ਮੀਰ ਰੱਖਦੇ ਹਨ

**ਅਜੀਤ ਸਿੰਘ ਰੱਖੜਾ**
**905 794 7882**

ਬੀਹਵੀ ਸਦੀ ਦੀ ਸਭ ਤੋਂ ਵਧ ਕਾਰਆਮਦ ਅਤੇ ਸਰਬ ਵਿਆਪਕ ਤੌਰ ਉਪਰ ਵਰਤੀ ਗਈ ਇਨਵੈਨਸ਼ਨ ਸਿਨਮਾ ਹੈ, ਜਿਸਨੇ ਸੰਸਾਰ ਦਾ ਚਿਹਰਾ ਮੋਹਰਾ ਹੀ ਬਦਲ ਕੇ ਰੱਖ ਦਿਤਾ ਹੈ। ਟੀਵੀ ਇਸ ਤੋਂ ਬਹੁਤ ਬਾਅਦ ਵਿਚ ਪ੍ਰਚਲਤ ਹੋਇਆ ਹੈ। ਇਕ ਤਰ੍ਹਾ ਨਾਲ ਟੀਵੀ, ਸਿਨਮਾ ਸ਼ਰੇਣੀ ਦੀ ਦੂਸਰੀ ਪੀਹੜੀ ਵਿਚ ਆਉਂਦਾ ਹੈ। ਹੁਣ ਸਿਨਮਾ ਦੀ ਤੀਸਰੀ ਪੀਹੜੀ ਦਾ ਜਨਮ ਵੀ ਹੋ ਚੁਕਾ ਹੈ ਜਿਸਦਾ ਨਾਮ ਹੈ ਵਰਚੂਅਲ ਸਿਨੇਮਾ, ਯਾਨੀ 4 ਡਾਇਮੈਨਸ਼ਨ ਸਿਨਮਾ। ਅਜ ਦੇ ਯੁਗ ਵਿਚੋਂ ਇਹ ਚੀਜ਼ਾ ਅਗਰ ਕਿਸੇ ਕਾਰਣ ਅਲੋਪ ਹੋ ਜਾਣ ਤਾਂ ਸਮਝੋ ਦੁਨੀਆ ਮੁੜ ਪੈਦਲ ਤੁਰਣ ਵਾਂਗ ਹੋ ਜਾਵੇਗੀ ਯਾਨੀ ਸੜਕ ਉਪਰ ਆ ਜਾਵੇਗੀ। ਸਿਨੇਮਾ ਨੇ ਸੰਸਾਰ ਨੂੰ ਇਕ ਪ੍ਰੀਵਾਰ ਦਾ ਰੂਪ ਦੇ ਦਿਤਾ ਹੈ। ਮਨੋਰੰਜਨ, ਕਲਚਰ, ਫੈਸ਼ਨ ਅਤੇ ਵਿਓਪਾਰਕ ਅਦਾਰਿਆ ਵਿਚ ਨਜ਼ਦੀਕੀਆ ਵਧਾ ਦਿਤੀਆ ਹਨ। ਪਹਿਰਾਵੇ ਵਿਚ ਸਭ ਮੁਲਕ ਹੁਣ ਇਕ ਜਹੇ ਲਗਣ ਲਗ ਪਏ ਹਨ। ਜੋ ਫੈਸ਼ਨ ਸਿਨੇਮਾ ਚਾਹੇ ਉਹ ਸਭ ਦੀ ਪਸੰਦ ਬਣ ਜਾਂਦਾ ਹੈ। ਸੰਸਾਰਕ ਤਰੱਕੀ ਵਿਚ ਸਿਨਮਾ ਦਾ ਬਹੁਤ ਵਡਾ ਯੋਗਦਾਨ ਹੈ। ਅਮਰੀਕਾ ਦੀ ਹਾਲੀਵੁਡ ਅਤੇ ਭਾਰਤ ਦੀ ਬਾਲੀਵੁਡ ਫਿਲਮ ਇੰਡਸਟਰੀ ਦੁਨੀਆ ਭਰ ਵਿਚ ਮੋਹਰੀ ਰੋਲ ਅਦਾ ਕਰ ਰਹੀਆ ਹਨ। ਜਨਜੀਵਨ ਨੂੰ ਸਿਨਮਾ ਨੇ ਬਹੁਤ ਜੋਰਦਾਰ ਤਰੀਕੇ ਨਾਲ ਪ੍ਰਭਾਵਤ ਕੀਤਾ ਹੈ। ਇਕ ਤਰ੍ਹਾ ਨਾਲ ਹੁਣ ਐਜੂਕੇਸ਼ਨ ਦਾ ਬਹੁਤਾ ਕੰਮ ਸਿਨੇਮਾ ਸਕਰੀਨ ਜਾਂ ਕੰਪਿਓਟਰ ਸਕਰੀਨਾ ਕਰ ਰਹੀਆਂ ਹਨ।




ਨਕਲ ਕਰਨਾ ਇਨਸਾਨ ਦੀ ਇਕ ਅਮੋੜ ਆਦਿਤ ਹੈ। ਮਨ ਨੂੰ ਜੋ ਵੀ ਚੰਗਾ ਲਗੇ ਬੰਦਾ ਉਸਦੀ ਨਕਲ ਕਰਦਾ ਹੈ। ਜੋ ਵੀ ਚੰਗਾ ਦਿਖੇ ਉਸੇ ਵਾਂਗ ਸਭ ਤਰਫ ਵੇਖਣਾ ਚਹੁੰਦਾ ਹੈ। ਕਹਿੰਦੇ ਹਨ ਕਿ ਬੰਦਰ ਨਕਲਚੀ ਜਾਨਵਰ ਹੈ ਪਰ ਜੇ ਸਚਮੁਚ ਇਸਦਾ ਸਰਵੇਖਣ ਕੀਤਾ ਜਾਵੇ ਤਾਂ ਬੰਦਾ ਨਕਲ ਮਾਰਣ ਵਿਚ ਉਸ ਤੋਂ ਵੀ ਵਧੇਰੇ ਨੰਬਰ ਲੈ ਜਾਵੇਗਾ। ਨਕਲ ਮਾਰਣ ਦੀ ਪ੍ਰਵਿਰਤੀ ਬੰਦੇ ਵਿਚ ਬਹੁਤ ਪ੍ਰਬਲ ਹੈ। ਤੁਸੀਂ ਇਸ ਗਲੋਂ ਹੈਰਤ ਨਾਲ ਭਰ ਜਾਵੋਗੇ ਕਿ ਦੁਨੀਆ ਵਿਚ ਸਿਨੇਮਾ ਨੇ ਵਿਕਾਰਾਂ ਅਤੇ ਕੁਕਰਮਾ ਨੂੰ ਵੀ ਬਹੁਤ ਬੜਾਵਾ ਦਿਤਾ ਹੈ। ਬਹੁਤ ਸਾਰੇ ਕਰਾਈਮ ਸਿਨੇਮਾਂ ਦੀ ਦੇਣ ਹਨ। ਚੋਰੀਆਂ ਡਾਕੇ ਅਤੇ ਬੰਦੇ ਮਾਰਣ ਦੇ ਅਨੇਕਾਂ ਤਰੀਕੇ ਸਿਨਮਾ ਕਹਾਣੀ ਤੋਂ ਪ੍ਰੇਰਤ ਪਾਏ ਜਾਂਦੇ ਹਨ। ਔਰਤਾਂ ਨਾਲ ਮਰਦਾ ਵਲੋਂ ਭੈੜਾ ਸਲੂਕ, ਔਰਤ ਨੂੰ ਪ੍ਰੇਸ਼ਾਨ ਕਰਨਾ ਅਤੇ ਔਰਤ ਨੂੰ ਅਜੀਬੋ ਗ੍ਰੀਬ ਤਰੀਕਆ ਨਾਲ ਰੀਝਾਉਣਾ, ਸਭ ਸਿਨਮਾ ਦੀ ਦੇਣ ਹੈ। ਇਸ ਤੱਥ ਨੂੰ ਸਿਨੇਮਾ ਜਗਤ ਦੇ ਸੁਪਰ ਸਟਾਰ ਆਮਰ ਖਾਨ ਨੇ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ ਅਤੇ ਆਪਣੀਆਂ ਫਿਲਮਾਂ ਵਾਸਤੇ ਅਜਿਹੇ ਪ੍ਰਦਰਸ਼ਣ ਲਈ ਪਛਤਾਵਾ ਵੀ ਕੀਤਾ ਹੈ। 2015 ਵਿਚ ਉਸਨੇ ਇਕ ਟੀਵੀ ਸੀਰੀਅਲ ਬਣਾਇਆ ਸੀ, ਜਿਸਦਾ ਨਾਮ ਸੀ 'ਸਤਿਯਮੇਵ ਜੈਇਤੇ'। ਉਸਨੇ ਛੋਟੀ ਜਹੀ ਬਣਾਈ ਡਾਕੂਮੈਂਟਰੀ ਨਾਲ ਸਾਬਤ ਕੀਤਾ ਕਿ ਅਜ ਦੀਆਂ ਪਿਕਚਰਾਂ ਯੂਥ ਨੂੰ ਕਿਵੇਂ ਪੁਠੇ ਸਬਕ ਪੜ੍ਹਾ ਰਹੀਆਂ ਹਨ। 'ਮਰਦਾਨਗੀ' ਸ਼ਬਦ ਦਾ ਵਿਸ਼ਲੇਸ਼ਣ ਕਰਦਿਆ ਉਹ ਕਹਿੰਦਾ ਹੈ ਕਿ ਅਜ ਦਾ ਸਿਨਮਾ ਮਰਦਾਨਗੀ ਦੇ ਨਾਮ ਉਪਰ ਬਚਿਆ ਨੂੰ ਸਿਖਾ ਰਿਹਾ ਹੈ ਕਿ ਮਰਦ ਉਹ ਹੈ ਜੋ ਨੀਚੇ ਦਿਤੇ ਕੰਮ ਕਰੇ ਕਿਓਂ ਕਿ ਕੁੜੀਆ ਇਸ ਨਾਲ ਖੁਸ਼ ਹੁੰਦੀਆ ਹਨ ਅਤੇ ਉਸ ਮਰਦ ਵਲ ਅਕੱਰਸ਼ਿਤ ਹੁੰਦੀਆਂ ਹਨ।

1- ਔਰਤਾਂ ਨਾਲ ਬਦਸਲੂਕੀ ਕਰੋ, ਨਰਾਜ਼ਗੀ ਸ਼ੋਅ ਕਰੋ ਤਾਂ ਉਹ ਤੁਹਾਤੋਂ ਪ੍ਰਭਾਵਤ ਹੁੰਦੀਆਂ ਹਨ।

2- ਕੁੜੀ ਦਾ ਜਬਰਦਸਤੀ ਚੁੰਬਨ ਲੈ ਲਵੋ ਜਾਂ ਜਫੀ ਪਾ ਲਵੋ ਤਾਂ ਉਹ ਅੰਦਰੋਂ ਖੁਸ਼ ਹੁੰਦੀ ਹੈ।

3- ਲੜਕੀ ਨੂੰ ਨੀਚਾ ਦਿਖਾਵੋ, ਨੀਗੇਟਿਵ ਕੌਮੈਂਟ ਕਰੋ ਤਾਂ ਤੁਹਾਡੀ ਮਰਦਾਨਗੀ ਵੇਖ ਤੁਹਾਡੇ ਮਗਰ ਲਗ ਜਾਂਦੀ ਹੈ।

4- ਕੁੜੀ ਨੂੰ ਗੁਡੀ ਵਾਂਗ ਬਾਹਾਂ ਤੇ ਚੁਕ ਲਵੋ ਤਾਂ ਬੜਾ ਖੁਸ਼ ਹੁੰਦੀ ਹੈ।

5- ਕੁੜੀ ਮਗਰ ਪਾਗਲਾਂ ਦੀ ਤਰ੍ਹਾ ਪੈ ਜਾਵੋ, ਜ਼ਿਦ ਅਤੇ ਢੀਠਤਾਈ ਵਾਲਾ ਪਿਆਰ ਦਿਖਾਵੋ ਤਾਂ ਮਾਪੇ ਹਾਰਕੇ ਸ਼ਾਦੀ ਕਰਨ ਲਈ ਤਿਆਰ ਹੋ ਜਾਂਦੇ ਹਨ।

ਪਿਕਚਰਾਂ ਵਿਚ ਅਮੂਮਨ ਇਕ ਆਈਟਮ ਡਾਂਸ ਹੁੰਦਾ ਹੈ ਜਿਸ ਵਿਚ ਔਰਤ ਨੂੰ ਬੜੇ ਅਸ਼ਲੀਲ ਤਰੀਕੇ ਸੈਕਸ ਡੌਲ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਐਸੇ ਡਾਂਸ ਬਿਨਾ ਅਜਕਲ ਕੋਈ ਪਿਕਚਰ ਕਾਮਯਾਬ ਨਹੀਂ ਹੁੰਦੀ।

ਬੜੇ ਹੀ ਨਾਟਕੀ ਢੰਗ ਨਾਲ ਆਮਿਰਖਾਨ ਨੇ ਤਿੰਨ ਅਤਿ ਸੁੰਦਰ ਨਾਇਕਾਵਾਂ, ਦੀਪਕਾ ਪਾਦੂਕੋਨ, ਪਰਨੀਤੀ ਚੋਪੜਾ ਅਤੇ ਕੰਗਨਾ ਰਨੌਤ ਕੋਲੋਂ ਪਛਿਆ ਕਿ ਕੀ ਤੁਸੀਂ ਅਜਿਹੇ ਕੀਤੇ ਕਿਰਦਾਰਾਂ ਨੂੰ ਜਸਟੀਫਾਈ ਕਰਦੀਆਂ ਹੋ। ਕੀ ਤੁਸੀਂ ਅਸਲੀ ਜਿੰਦਗੀ ਵਿਚ ਮੁੰਡਿਆ ਵਲੋਂ ਡਾਕੂਮੈਂਟਰੀ ਵਰਗੇ ਕੀਤੇ ਕਥਤ ਵਤੀਰੇ ਨਾਲ ਖੁਸ਼ ਹੁੰਦੀਆਂ ਹੋ? ਤਿੰਨੋ ਕੁੜੀਆਂ ਨੇ ਇਕ ਮਤ ਹੋਕੇ ਕਿਹਾ ਕਿ ਬਿਲਕੁਲ ਨਹੀਂ। ਪ੍ਰਨੀਤੀ ਨੇ ਕਿਹਾ ਕਿ ਸਿਨੇਮਾ ਅਤੇ ਅਸਲੀ ਜ਼ਿੰਦਗੀ ਵਿਚ ਤਾਂ ਬਹੁਤ ਫਰਕ ਹੁੰਦਾ ਹੈ। ਆਮਿਰ ਦਾ ਜਵਾਬ ਸੀ ਕਿ ਇਹ ਤਾਂ ਤੁਸੀ ਕਹਿੰਦੇ ਹੋ ਪਰ ਵੇਖਣ ਵਾਲੇ ਤਾਂ ਇਸ ਵਰਤਾਰੇ ਦੀ ਨਕਲ ਕਰਦੇ ਹਨ। ਉਨ੍ਹਾ ਨੂੰ ਤਾਂ ਲਗਦਾ ਹੈ ਕਿ ਕੁੜੀਆਂ ਇਸ ਤਰ੍ਹਾ ਜਿਤੀਆਂ ਜਾ ਸਕਦੀਆਂ ਹਨ। ਜ਼ਿਦਾ ਕਰਕੇ ਨੀਚਾ ਦਿਖਾਕੇ ਜਾਂ ਆਕੜਕੇ ਖੜ ਜਾਵੋ ਤਾਂ ਮਾਪੇ ਆਖਿਰ ਵਿਚ ਰਜਾਮੰਦ ਹੋ ਜਾਂਦੇ ਹਨ। ਦੀਪਕਾ ਨੇ ਅਸਰ ਕਬੂਲਦਿਆਂ ਕਿਹਾ ਕਿ ਇਹ ਗਿਆਨ ਤਾਂ ਮੈਨੂੰ ਅਜ ਹੋਇਆ ਹੈ। ਅਗੋਂ ਤੋਂ ਮੈਂ ਆਪਣੇ ਰੋਲ ਬਾਰੇ ਪਹਿਲੋਂ ਨਿਰੀਖਣ ਕਰਿਆ ਕਰਾਂਗੀ ਕਿ ਇਸਦਾ ਨੌਜੁਆਨਾ ਉਪਰ ਸਮਾਜਕ ਮੈਸਿਜ਼ ਕੀ ਜਾਵੇਗਾ। ਅਮਿਰ ਖਾਨ ਦੀ ਤਿੰਨ ਸਾਲ ਪਹਿਲਾ ਸ਼ੁਰੂ ਕੀਤੀ ਮੁਹਿੰਮ 'ਮੁਮਕਿਨ ਹੈ' ਦੇ ਕੀ ਅਸਰ ਹੋਏ ਇਸ ਬਾਰੇ ਤਾਂ ਕੁਝ ਨਹੀਂ ਪਤਾ ਪਰ ਇਹ ਗਲ ਜਰੂਰ ਸਮਝ ਆਈ ਕਿ ਫਿਲਮ ਇੰਡਸਟਰੀ ਵਿਚ ਵੀ ਆਮਿਰ ਖਾਨ ਵਰਗੇ ਮਹਾਂਪੁਰਸ਼ ਹਨ ਜੋ ਜ਼ਮੀਰ ਨਾਮ ਦੀ ਕੋਈ ਚੀਜ਼ ਰਖਦੇ ਹਨ। ਉਹ ਇਹ ਸਮਝਦੇ ਹਨ ਕਿ ਸਿਨੇਮਾ ਨੇ ਸਮਾਜਕ ਬੁਰਾਈਆ ਨੂੰ ਪੈਦਾ ਕੀਤਾ ਹੈ।

# ਪੰਜਾਬ ਵਿੱਚ ਪੰਚਾਇਤੀ ਚੋਣਾਂ, ਉਹਨਾਂ ਵਿੱਚ ਕੀ ਹੁੰਦਾ ਹੈ ਕੀ ਲੋੜੀਦਾ ਹੈ



-ਹਰਚੰਦ ਸਿੰਘ ਬਾਸੀ-

ਪਿਛਲੇ ਹਫਤੇ ਪੰਜਾਬ ਵਿੱਚ ਕਥਿਤ ਪੰਚਾਇਤ ਚੋਣਾ ਹੋਈਆਂ ਹਨ ਇਸ ਨੂੰ ਚੋਣਾਂ ਨਾ ਕਹੀਏ ਸਗੋਂ ਲੋਕ ਰਾਜ ਦਾ ਘਿਨਾਉਣਾ ਕਤਲ ਕਹਿ ਲਈਏ ਤਾਂ ਬਿਹਤਰ ਹੋਏਗਾ। ਇਹ ਥੋੜੀ ਬਹੁਤੀ ਦਖਲ ਅੰਦਾਜ਼ੀ ਤਾਂ ਪਹਿਲਾਂ ਵੀ ਚੱਲ ਰਹੀ ਸੀ। ਉਸ ਸਮੇ ਇੱਕ ਪੋਲਿੰਗ ਪਾਰਟੀ ਨੂੰ ਚਾਰ ਪੰਚਾਇਤਾਂ ਦੀ ਚੋਣ ਕਰਾਉਣ ਦੀ ਜਿੰਮੇਵਾਰੀ ਸੌਂਪੀ ਜਾਂਦੀ ਸੀ। ਪੋਲਿਗ ਪਾਰਟੀ ਦੇ ਮੁਖੀ ਨੂੰ ਪ੍ਰਜਾਈਡਿੰਗ ਕਮ ਰੀਟਰਨਿੰਗ ਆਫੀਸਰ ਦੀਆਂ ਤਾਕਤਾਂ ਦਿਤੀਆਂ ਜਾਂਦੀਆਂ ਸਨ। ਉਹ ਚੋਣ ਤੋਂ ਇੱਕ ਦਿਨ ਪਹਿਲਾਂ ਚੋਣ ਲੜਣ ਵਾਲੇ ਉਮੀਦਵਾਰਾਂ ਤੋਂ ਟਾਈਮ ਸਡਿਉਲ ਮੁਤਾ-ਬਕ ਨੌਮੀਨੇਸ਼ਨ ਪੇਪਰ ਲੈ ਲੈਂਦਾ ਸੀ । ਉਸੇ ਦਿਨ ਓਹਨਾਂ ਦੀ ਪੜਤਾਲ ਕਰਕੇ ਚੋਣ ਨਿਸ਼ਾਨ ਅਲਾਟ ਕਰ ਦਿੰਦਾ ਸੀ। ਵੋਟਾਂ ਵਾਲੇ ਦਿਨ ਲੋਕਾਂ ਵਿੱਚ ਥੋੜਾਂ ਬਹੁਤਾ ਤਨਾਉ ਤਾਂ ਕਈ ਥਾਈਂ ਵੇਖਣ ਨੂੰ ਮਿਲਦਾ ਸੀ ਪਰ ਬਹੁਤਾ ਕਰਕੇ ਚੋਣਾਂ ਕੁੱਝ ਕੁ ਛੋਟੀਆਂ ਮੋਟੀਆਂ ਖਾਮੀਆਂ ਦੇ ਹੁੰਦੇ ਹੋਏ ਵੀ ਆਮ ਤੌਰ ਤੇ ਨਿਰਪੱਖ ਹੁੰਦੀਆਂ ਸਨ। ਲੋਕ ਰਾਜ ਇਹੀ ਮੰਗ ਕਰਦਾ ਹੈ ਇਹਨਾਂ ਸੰਸਥਾਵਾਂ ਨੂੰ ਅਜ਼ਾਦ ਤੌਰ ਤੇ ਆਪਣੇ ਨੁਮਾਇੰਦੇ ਚੁਨਣ ਦਾ ਹੱਕ ਹੋਣਾ ਚਾਹੀਦਾ ਹੈ । ਇਹ ਲੋਕ ਰਾਜ ਦੀ ਮੁਢਲੀ ਇਕਾਈ ਹੈ ਜਿਸ ਤੋਂ ਪੌੜੀਆਂ ਚੜਦਾ ਵਿਅੱਕਤੀ ਲੋਕ ਰਾਜ ਦੀਆਂ ਉਪਰੀਆਂ ਸੰਸਥਾਵਾਂ ਵਿੱਚ ਈਮਾਨਦਾਰੀ ਨਾਲ ਲੋਕਾਂ ਦਾ ਨੁਮਾਇੰਦਾ ਬਣ ਕੇ ਜਾਏ। ਇਹਨਾਂ ਮੁਢਲੀਆਂ ਇਕਾਈਆਂ ਵਿੱਚ ਆਪਣੀ ਸੇਵਾ ਭਾਵਣਾ,ਈਮਾਨਦਾਰੀ ਨਾਲ ਜ਼ਮੀਨੀ ਪੱਧਰ ਤੇ ਲੋਕਾਂ ਦੀ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਅਤੇ ਟੀਮ ਨੂੰ ਨਾਲ ਲੈ ਕੇ ਕੰਮ ਕਰਨ ਦੇ ਤਜ਼ਰਬੇ ਨੂੰ ਸਾਂਝੇ ਕਰੇ।ਰਾਜ ਸਰਕਾਰ ਜਾਂ ਅਫਸਰਸ਼ਾਹੀ ਉਹਨਾਂ ਦੇ ਕੰਮਾਂ ਵਿੱਚ ਦਖਲ ਅੰਦਾਜੀ ਨਾ ਕਰੇ। ਸਮੇਂ ਸਮੇਂ ਤੇ ਪੰਚਾਇਤ ਨੂੰ ਪਿੰਡ,ਨਗਰ ਜਾਂ ਸਹਿਰ ਦੀ ਬਿਹਤਰੀ ਲਈ ਬਣਾਈਆਂ ਗਈਆਂ ਸਕੀਮਾਂ ਵਿੱਚ ਸਰਕਾਰ ਵੱਧ ਤੋਂ ਵੱਧ ਮਾਇਕ ਸਹਾਇਤਾ ਕਰੇ। ਜੇ ਲੋਕਲ ਬਾਡੀ ਸੰਸਥਾ ਨੂੰ ਕਿਸੇ ਕਿਸਮ ਦੀ ਜਾਣਕਾਰੀ ਦੀ ਲੋੜ ਹੋਵੇ ਸਰਕਾਰ ਦੇ ਮੁਲਾਜ਼ਮ ਉਹਨਾਂ ਦੀ ਸਹਾਇਕ ਬਣ ਕੇ ਸਹਾਇਤਾ ਕਰਨ ਨਾਂ ਕਿ ਸੰਸਥਾਵਾਂ ਦੇ ਰਹੇਕ ਕੰਮਾਂ ਵਿੱਚ ਅੜਿਗੇ ਖੜੇ ਕਰਨ। ਉਹਨਾਂ ਨੂੰ ਤਰ੍ਹਾਂ ਤਰ੍ਹਾਂ ਦੇ ਡਰ ਪਾ ਕੇ ਉਹਨਾਂ ਦੀਆਂ ਗਰਾਂਟਾਂ ਵਿੱਚੋਂ ਹਿੱਸਾ ਪੱਤੀ ਭਾਲੇ। ਅਜਿਹੇ ਅਫਸਰਾਂ ਦੀਆਂ ਸ਼ਿਕਾਇਤਾਂ ਤੇ ਈਮਾਨਦਾਰੀ ਅਤੇ ਗੰਭੀਰਤਾ ਨਾਲ ਨੋਟਿਸ ਲਿਆ ਜਾਏ।

ਸਗੋਂ ਸਾਰਾ ਕੁੱਝ ਇਸ ਦੇ ਉਲਟ ਹੋ ਰਿਹਾ ਹੈ। ਇਹ ਨਹੀਂ ਕਿ ਸਰਕਾਰ ਤੇ ਕਾਬਜ਼ ਲੋਕਾਂ ਨੂੰ ਪਤਾ ਨਹੀਂ ਕਿ ਇਹਨਾਂ ਸੰਸਥਾਵਾਂ ਨੂੰ ਕਿਸ ਤਰਾਂ ਦੀ ਅਜ਼ਾਦੀ ਚਾਹੀਦੀ ਹੈ ਜਾਂ ਉਹਨਾਂ ਨੂੰ ਕਿਸ ਤਰਾਂ ਕੰਮ ਕਰਨਾ ਚਾਹੀਦਾ ਹੈ। ਇਹਨਾਂ ਆਗੂਆਂ ਦੀ ਬਦ ਦਿਆਨਤਦਾਰੀ, ਭ੍ਰਿਸ਼ਟ ਮਾਨਸਿਕਤਾ ਅਤੇ ਲੋਕ ਰਾਜ ਨੂੰ ਸਫਲ ਨਾ ਹੋਣ ਦੀ ਮਨਸਾ ਤਹਿਤ ਹੋ ਰਿਹਾ ਹੈ। ਕੌਮੀ ਅਤੇ ਖੇਤਰੀ ਪਾਰਟੀਆਂ ਦੇ ਆਗੂ ਗਲ ਗਲ ਤੱਕ ਬੇਈਮਾਨੀ, ਭ੍ਰਿਸ਼ਟਾਚਾਰੀ ਅਤੇ ਮਕਾਰੀ ਨਾਲ ਭਰੇ ਪਏ ਹਨ। ਜਨਤਾ ਨੂੰ ਕਿਸੇ ਕਿਸਮ ਦਾ ਈਮਾਨਦਾਰੀ ਨਾਲ ਜਵਾਬ ਨਹੀਂ ਦਿੰਦੇ ਝੂਠ ਛਲਾਵੇ ਨਾਲ ਪੈਰ ਪੈਰ ਤੇ ਝੂਠ ਬੋਲ ਕੇ ਗੁਮਰਾਹ ਕਰਕੇ ਚੋਣਾ ਜਿਤਣ ਲਈ ਜਾਲ ਵਿਛਾਉਂਦੇ ਹਨ। ਲੋਕਲ ਸੰਸਥਾਵਾਂ ਵਿੱਚ ਲੋਕਾਂ ਦੇ ਚੁਲਿੱਆਂ ਤੱਕ ਦਖਲ ਅੰਦਾਜੀ ਕਰਦੇ ਹਨ।ਚੋਣਾਂ ਜਿੱਤ ਕੇ ਕੌਮੀ ਸਰਮਾਏ ਨੂੰ ਸ਼ਰੇਆਮ ਡਕਾਰਦੇ ਹਨ।ਬਦਕਿਸਮਤੀ ਇਹ ਹੈ ਕਿ ਕੋਰਟਾਂ ਕਚਿਹਰੀ ਵਿੱਚ ਵੱਡੇ ਵੱਡੇ ਵਕੀਲ ਕਰਕੇ ਗੁਆਹਾਂ ਨੂੰ ਧਮਕਾ ਕੇ ਜਾਂ ਖਰੀਦ ਕੇ ਮੁਕ-ੱਦਮੇ ਜਿੱਤ ਜਾਂਦੇ ਹਨ। ਫਿਰ ਕਹਿੰਦੇ ਹਨ ਕੋਰਟ ਨੇ ਦੋਸ਼ੀ ਨਹੀਂ ਮੰਨਿਆ ਮੁਕੱਦਮਾਂ ਰਾਜ ਨੀਤੀ ਤੋਂ ਪ੍ਰੇਰਤ ਸੀ। ਪਰ ਲੋਕਾਂ ਦੀ ਕਚਿਹਰੀ ਵਿੱਚੋਂ ਉਹ ਬਰੀ ਨਹੀਂ ਹੁੰਦੇ।ਪਰ ਗੱਲ ਇਉਂ ਵੀ ਹੈ ਕਾਂ ਬਾਲ ਹੱਥੋਂ ਰੋਟੀ ਖੋਹ ਕੇ ਲੈ ਜਾਂਦਾ ਹੈ ਉਹ ਰੋਂਦਾ ਰਹਿ ਜਾਂਦਾ ਹੈ। ਜਨਤਾ ਦੇ ਸਰਮਾਏ ਦੀ ਖੁੱਲੀ ਲੁੱਟ ਹੁੰਦੀ ਹੈ ਪਰ ਲੋਕ ਹੀਣੇ ਤੇ ਲਚਾਰ ਹੋਏ ਰੋਂਦੇ ਰਹਿੰਦੇ ਹਨ।

ਗੱਲ ਸਥਾਨਕ ਚੋਣਾ ਦੀ ਹੋ ਰਹੀ ਸੀ 1993 ਤੋਂ ਅਕਾਲੀ ਸਰਕਾਰ ਸਮੇਂ ਇੱਕ ਦਮ ਚੋਣ ਪ੍ਰੀਕਿਰਿਆ ਬਦਲ ਦਿਤੀ ਗਈ। ਬਲਾਕ ਪੱਧਰ ਤੇ ਆਈ ਏ ਐਸ ਜਾਂ ਪੀ ਸੀ ਐਸ ਅਧਿਕਾਰੀ ਰੀਟਰਨਿੰਗ ਆਫੀਸਰ ਲਾਇਆ ਗਿਆ। ਪੰਚ ਸਰਪੰਚ ਦੇ ਉਮੀਦਵਾਰਾਂ ਨੇ ਨੌਮੀਨੇਸ਼ਨ ਪੇਪਰ ਉਸ ਅਫਸਰ ਕੋਲ ਜਮਾਂ ਕਰਾਉਣੇ ਸ਼ੁਰੂ ਕੀਤੇ ਗਏ। ਉਸ ਨੂੰ ਸਰਕਾਰੀ ਧਿਰ ਦੇ ਮੰਤਰੀ, ਜਿਤੇ ਐਮ ਐਲ ਏ ਜਾਂ ਹਾਰੇ ਹੋਏ ਐਮ ਐਲ ਏ ਕਿਸੇ ਤਰਾਂ ਸੁਨੇਹਿਆਂ ਰਾਹੀ ਵਿਰੋਧੀਆਂ ਦੇ ਪੇਪਰ ਰੱਦ ਕਰਾ ਦਿੱਤੇ ਜਾਂਦੇ। ਇਸ ਲਈ ਕਈ ਗਲਤ ਤਰੀਕੇ ਵਰਤੇ ਜਾਂਦੇ। ਪੇਪਰ ਰੱਤ ਕਰਨ ਲਈ ਐਪਲੀਕੇਸ਼ਨ ਨਾਲੋਂ ਲੋੜੀਦਾ ਸਰਟੀਫਿਕੇਟ ਲਾਹ ਦਿਤੇ ਜਾਂਦੇ। ਕਈ ਥਾਈ ਰੌਲਾ ਰੱਪਾ ਪਿਆ ਪਰ ਕਿਸੇ ਦੀ ਸੁਣਵਾਈ ਨਹੀਂ ਹੋਈ। ਮੇਰੇ ਦੇਖਣ ਵਿੱਚ ਆਇਆ ਕਿ ਕਈਆਂ ਦੇ ਮੌਕੇ ਤੇ ਚੋਣ ਨਿਸ਼ਾਨ ਬਦਲ ਦਿਤੇ ਗਏ। ਪਹਿਲਾਂ ਉਹ ਕੋਈ ਚੋਣ ਨਿਸ਼ਾਨ ਆਪਣੇ ਵੋਟਰਾਂ ਨੂੰ ਵਿਖਾਉਂਦਾ ਰਿਹਾ। ਰਾਤ ਨੂੰ ਅਧਿਕਾਰੀ ਆ ਕੇ ਕਹਿੰਦਾ ਤੇਰਾ ਚੋਣ ਨਿਸ਼ਾਨ ਇਹ(ਤੀਰ) ਨਹੀਂ ਆਹ ਬੱਕਰੀ ਹੈ। ਉਸ ਚੋਣ ਪਿੱਛੋਂ ਤਾਂ ਚੱਲ ਸੋ ਚੱਲ। ਅਕਾਲੀਆਂ ਨੇ ਸ਼ੁਰੂ ਕੀਤਾ ਕਾਂਗਰਸ ਨੇ ਇਕੀ ਦੀ ਇਕੱਤੀ ਪਾ ਕੇ ਭਾਜੀ ਮੋੜੀ। ਲੋਕਾਂ ਨੂੰ ਇਸ ਪਾਸੇ ਲਾ ਲਿਅ। ਅਕਾਲੀਆਂ ਨੇ ਕੀਤਾ ਸੀ ਅਸੀਂ ਕਿਉਂ ਨਾ ਕਰੀਏ। ਲੋੜ ਤਾਂ ਇਸ ਗੱਲ ਦੀ ਸੀ ਕਿ ਗਲਤ ਨੂੰ ਠੀਕ ਕਰਨਾ ਸਗੋਂ ਇਸ ਦੀਆੜ ਵਿੱਚ ਹੋ ਮਾੜੇ ਪਾਸੇ ਵੱਲ ਤੁਰ ਗਏ। ਰਾਜ ਕਰਦੇ ਲੋਕਾਂ ਨੂੰ ਮੌਜ ਬਣ ਗਈ ਲੋਕ ਠੱਗੇ ਗਏ। ਉਹਨਾਂ ਦੇ ਹੱਕ ਖੋਹੇ ਗਏ। ਫਿਰ ਦੋਹਾਂ ਧਿਰਾਂ ਨੇ ਅਜਿਹੀ ਖੇਹ ਖਿਲਾਰੀ ਕਿ ਸਥਾਨਕ ਚੋਣਾਂ ਵਿੱਚ ਗਰੀਬਾਂ ਤੇ ਅਣਪੜਾਂ ਨੂੰ ਸ਼ਰਾਬ ਅਤੇ ਪੈਸੇ ਦੇ ਜਾਲ ਵਿੱਚ ਫਸਾ ਲਿਆ। ਇਹ ਲੜੀ ਉਪਰਲੀਆਂ ਚੋਣਾਂ ਦਾ ਸ਼ਰੇਆਮ ਹਿੱਸਾ ਬਣ ਗਈ।ਚੋਣ ਕਮਿਸ਼ਨ ਦੇ ਅੱਖੀਂ ਘੱਟਾ ਪਾ ਕੇ ਅਮਲ ਵਿੱਚ ਇਵੇਂ ਚਲਦਾ ਹੈ। ਚੋਣ ਅਮਲੇ ਨੂੰ ਵੀ ਸਰਕਾਰੀ ਦਬਾਅ ਨਾਲ ਆਪਣੇ ਹੱਕ ਵਿੱਚ ਵਰਤਿਆ ਜਾਂਦਾ ਹੈ। ਜ਼ਬਾਨੀ ਕਲਾਮੀ ਚੋਣਾਂ ਸਾਫ ਸੁਥਰੇ ਢੰਗ ਨਾਲ ਨੇਪਰੇ ਚਾੜ ਦਿੰਦੇ ਹਨ। ਅੱਜ ਵਿਰੋਧੀ ਸਰਕਾਰ ਤੇ ਦੋਸ਼ ਲਾਉਂਦੇ ਹਨ ਲੋਕ ਰਾਜ ਦਾ ਕਤਲ ਹੋ ਗਿਆ। ਜਦ ਉਹ ਸਤਾ ਤੇ ਕਾਬਜ਼ ਹੁੰਦੇ ਹਨ ਫਿਰ ਦੂਜੀ ਧਿਰ ਇਹ ਦੋਸ਼ ਲਾਉਂਦੀ ਹੈ। ਆਗੂਆਂ ਦੇ ਲੋਕਰਾਜ ਦਾ ਕਦੀ ਕਤਲ ਨਹੀਂ ਹੁੰਦਾ ਸਗੋਂ ਲੋਕਾਂ ਦੇ ਹੱਕਾਂ ਦਾ ਕਤਲ ਦੋਵੇਂ ਵਾਰੀ ਹੁੰਦਾ ਹੈ। ਇਹ ਤਾਂ ਉਸ ਤਰ੍ਹਾਂ ਹੈ ਸ਼ਹਿਰ ਵਿੱਚ ਦੰਗੇ ਭੜਕਾ ਕੇ ਸਰਕਾਰ ਬਿਆਨ ਦੇ ਦਿੰਦੀ ਹੈ ਕਿ ਸਿਰਫ ਦਸ ਕੁ ਬੰਦੇ ਮਰ ਗਏ ਬਾਕੀ ਸੱਭ ਅੱਛਾ ਹੈ ਹਾਲਾਤ ਕਾਬੂ ਹੇਠ ਕਰਨ ਲਈ ਪ੍ਰਸਾਸ਼ਨ ਪੂਰੀ ਵਾਹ ਲਾ ਰਿਹਾ ਹੈ।

ਇਸ ਵਾਰ ਕਾਂਗਰਸ ਦੀ ਵਾਰੀ ਸੀ। ਉਸ ਨੇ ਉਹੀ ਕੁੱਝ ਕੀਤਾ ਜਿਸ ਦੀ ਉਮੀਦ ਸੀ। ਇਸ ਨੂੰ ਚੋਣ ਨਹੀਂ ਕਹਿ ਸਕਦੇ। ਇਸ ਨੂੰ ਚੋਣਾਂ ਦੀ ਲੁੱਟ ਕਹਿ ਸਕਦੇ ਹਾਂ। ਨੀਤੀਆਂ ਦੀ ਜਿਤ ਨਹੀਂ ਕਹਿ ਸਕਦੇ। ਪਿਛਲੇ ਦਸ ਸਾਲ ਅਕਾਲੀਆਂ ਨੇ ਰਾਜ ਕੀਤਾ ਉਸ ਨੇ ਜੋ ਚੰਦ ਚਾੜੇ ਉਸ ਦਾ ਲੋਕਾਂ ਨੂੰ ਸੱਭ ਪਤਾ ਹੈ। ਉਸ ਦੇ ਇੱਕ ਆਗੂ ਦੇ ਹੱਥ ਸੁੰਢ ਦੀ ਗੱਠੀ ਆ ਗਈ ਉਹ ਵੈਦ ਬਣ ਬੈਠਾ। ਬਾਪੂ ਨੂੰ ਵੀ ਪਿਤਾ ਸਮਾਨ ਦਸਣ ਲੱਗ ਪਿਆ। ਜਿਸ ਦੇ ਘਰ ਦਾਣੇ ਉਸ ਦੇ ਕਮਲੇ ਵੀ ਸਿਆਣੇ ਇਸ ਕਹਾਵਤ ਅਨੁਸਾਰ ਚੰਮ ਦੀਆਂ ਚਲਾ ਗਿਆ। ਹਾਰ ਕੇ ਅਸਤੀਫਾ ਨਹੀਂ ਦਿੰਤਾ ਮੁੜ ਲੋਕਾਂ ਨੂੰ ਮੂਰਖ ਬਣਾਉਣ ਦੀ ਤਿਆਰੀ ਵਿੱਚ ਹੈ। ਨਾ ਹੀ ਦੂਸਰੀ ਧਿਰ ਹਾਰ ਕੇ ਪਾਸੇ ਹਟਦੀ ਹੈ। ਦੋਹਾਂ ਧਿਰਾਂ ਦੀ ਸਾਂਝ ਭਿਆਲੀ ਹੈ ਆਪਸ ਵਿੱਚ ਮਿੱਤਰ ਹਨ ਲੋਕ ਇਹਨਾਂ ਦੇ ਸਾਂਝੇ ਦੁਸ਼ਮਣ ਹਨ। ਹਰ ਵਾਰ ਲੋਕ ਕਿਸੇ ਨਾ ਕਿਸੇ ਤੋਂ ਕੁੱਟ ਖਾ ਕੇ ਫਿਰ ਢੂਈ ਪਲੋਸ ਕੇ ਕੁੱਟ ਖਾਣ ਲਈ ਦੂਜੇ ਤੋਂ ਤਿਆਰ ਹੋ ਜਾਂਦੇ ਹਨ।

ਚਾਹੀਦਾ ਤਾਂ ਇਹ ਸੀ ਕਿ ਕੁੱਝ ਖਾਮੀਆਂ ਨੂੰ ਦੂਰ ਕਰਕੇ ਸਾਫ ਸੁਥਰੀ ਚੋਣ ਪ੍ਰਕਿਰਿਆ ਹੁੰਦੀ। ਪਰ ਕਿਸ ਨੂੰ ਆਪਣਾ ਕਹੀਏ ਚੋਰ ਡਾਕੂ ਰਹਿਬਰ ਬਣ ਗਏ। ਇਲ ਦੇ ਆਹਲਣੇ ਵਿੱਚੋਂ ਮਾਸ ਮਿਲਣ ਦੀ ਆਸ ਕਿਵੇਂ ਕਰ ਸਕਦੇ ਹਾਂ। ਜਨਤਾ ਦਾ ਦਿਮਾਗ ਵੀ ਇਸ ਕਦਰ ਖੋਹ ਲਿਆ ਕਿ ਉਹ ਇਹਨਾਂ ਦੀ ਜਰ ਖਰੀਦ ਬਣ ਗਈ। ਜੋ ਚੰਗਾ ਮਾੜਾ ਕਿਹਾ ਉਸ ਮਗਰ ਲੱਗ ਕੇ ਖਰੂਦ ਪਾਉਣ ਲੱਗ ਪਏ।ਅਜਿਹੇ ਮਹੌਲ ਵਿੱਚ ਜੇ ਕੁੱਝ ਸਿਰੜੀ ਲੋਕ ਬੇ ਇਨਸਾਫੀਆਂ ਦੇ ਖਿਲਾਫ ਬੇਪ੍ਰਵਾਹ ਹੋ ਕੇ ਲੜ ਰਹੇ ਹਨ। ਉਹਨਾਂ ਦੀ ਕਤਾਰ ਲੰਮੀ ਕਰੀਏ।

ਸ਼ਰੀਕ ਨਾਲ ਜਾਂ ਘਰ ਦੇ ਭਰਾ ਨਾਲ ਮਾੜੀ ਜਿਹੀ ਗੱਲ ਪਿੱਛੇ ਅੱਖਾਂ ਲਾਲ ਕਰਕੇ ਗਲ ਪੈਣ ਤੋਂ ਗੁਰੇਜ਼ ਨਹੀਂ ਕਰਦੇ। ਪਰ ਜੋ ਤੁਹਾਡੀਆਂ ਆਉਣ ਵਾਲਿਆਂ ਨਸਲਾਂ ਦੇ ਜੜੀਂ ਤੇਲ ਦਿੰਦੇ ਹਨ ਉਹਨਾਂ ਦੇ ਪੈਰਾਂ ਥੱਲੇ ਹੱਥ ਦਿੰਦੇ ਫਿਰਦੇ ਹੋ। ਜੇ ਨਸਲਾਂ ਨੂੰ ਬਚਾਉਣਾ ਹੈ ਤਾਂ ਸੋਚ ਨੂੰ ਬਦਲੋ।ਸਵਾਰਥ ਛੱਡ ਕੇ ਚੰਗੇ ਨੂੰ ਚੰਗਾ ਮਾੜੇ ਨੂੰ ਮਾੜਾ ਕਹਿਣਾ ਆਪਣੀ ਸੋਚ ਦਾ ਹਿੱਸਾ ਬਣਾਉ ਕਿਸੇ ਨੇ ਤੁਹਾਡੇ ਗੱਲਾਂ ਚੋਂ ਜੰਜਾਲ ਨਹੀਂ ਲਾਹੁਣੇ। ਸੱਭ ਕੁੱਝ ਤੁਹਾਡੇ ਆਪਣੇ ਹੱਥ ਹੈ ਤੁਸੀਂ ਹੀ ਆਪਣੇ ਸਹਾਈ ਹੋ ਸਕਦੇ ਹੋ। ਇਸ ਨਾਲ ਹੀ ਸੰਵਿਧਾਨ ਦੁਆਰਾ ਦਿਤੇ ਲੋਕ ਰਾਜ ਦੀ ਰਾਖੀ ਕਰ ਸਕਦੇ ਹੋ।ਇੱਕ ਨਹੀਂ ਦੇਸ ਦੀਆਂ ਸਾਰੀਆਂ ਸੰਵਿਧਾਕ ਸੰਸਥਾਵਾਂ ਖਤਰੇ ਵਿੱਚ ਹਨ।ਤੇਜ਼ੀ ਨਾਲ ਇਹਨਾਂ ਨੂੰ ਖਤਮ ਕਰਕੇ ਆਮ ਆਦਮੀ ਦੇ ਲਿਖਣ ਬੋਲਣ,ਪੜਣ,ਖਾਣ,ਪੀਣ ਪਹਿਨਣ, ਨਿਆਂ, ਧਾਰਮਿਕ ਅਜ਼ਾਦੀਆਂ,ਕਿਰਤੀਆਂ ਕਿਸਾਨਾਂ ਦੇ ਸੰਗਠਨਾਂ ਤੇ ਪਾਬੰਦੀਆਂ ਲਾਉਣ ਜਿਹੇ ਕਾਨੂੰਨ ਲਿਆਂਦੇ ਜਾ ਰਹੇ ਹਨ। ਇਹਨਾਂ ਬਚਾਉਣ ਲਈ ਸੋਚਾਂ ਨੂੰ ਪਰਚੰਡ ਕਰਨਾ ਪੈਣਾ ਹੈ।ਲੋਕ ਰਾਜ ਤਾਂ ਹੀ ਪਰਫੁਲਤ ਹੋਣਾ ਹੈ ਜੇਕਰ ਇਸ ਦੀਆਂ ਸੱਭ ਸੰਸਥਾਵਾਂ ਆਪਣੇ ਦਾਇਰੇ ਵਿੱਚ ਰਹਿ ਕੇ ਅਜ਼ਾਦ ਅਤੇ ਨਿਰਪੱਖ, ਸੱਭਨਾਂ ਲੋਕਾਂ ਲਈ ਕੰਮ ਕਰਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਅੱਜਕਲ ਦੀ ਪੰਜਾਬੀ ਗਾਇਕੀ



ਬਿੱਟੂ ਦੀ ਕਲਮ



ਮਨੁੱਖੀ ਸੁਭਾਅ ਦਾ ਖਾਸਾ ਜਦੋਂ ਵੀ ਕੁਝ ਗਲਤ ਵਾਪਰਦਾ ਤਾਂ ਅਸੀਂ ਡੂੰਘਾਈ ਨਾਲ ਜਾਂਚ ਕਰਕੇ ਅਸਲ ਕਾਰਨ ਲੱਭਣ ਦੀ ਬਜਾਏ ਫਟਾਫਟ ਦੋਸ਼ ਲਾਉਣ ਲਈ ਕੁਝ ਕੁਰਬਾਨੀ ਵਾਲੇ ਬੱਕਰੇ ਲੱਭਦੇ ਹਾਂ ਤੇ ਆਪਣੇ ਆਪਨੂੰ ਸੁਰਖੁਰੂ ਹੋਣ ਦਾ ਭਰਮ ਪਾਲ ਲੈਂਦੇ ਆ। ਅੱਜ ਸਾਡੇ ਭੂਗੋਲਿਕ ਪੰਜਾਬ ਵਿੱਚ ਬਹੁਤ ਕੁਝ ਅਣਸੁਖਾਵਾ ਵਾਪਰ ਰਿਹਾ, ਗੈਂਗਸਟਰ, ਨਸ਼ਾ, ਹਥਿਆਰ, ਫੁਕਰਪੁਣਾ, ਵਿਰਸੇ ਅਤੇ ਬੋਲੀ ਪ੍ਰਤੀ ਅਵੇਸਲਾਪਣ, ਤੇ ਇਸ ਸਭ ਕਾਸੇ ਦਾ ਭਾਂਡਾ ਗੀਤਾਂ ਅਤੇ ਗਾਇਕਾ ਦੇ ਸਿਰ ਭੰਨਿਆ ਜਾ ਰਿਹਾ। ਹਰ ਪੰਜਾਬੀ ਦੁਹਾਈ ਪਾ ਰਿਹਾ ਕਿ ਅੱਜਕੱਲ ਦੇ ਪੰਜਾਬੀ ਗਾਣੇ ਸਾਡੇ ਰੰਗਲੇ ਪੰਜਾਬ ਨੂੰ ਗੰਦਲਾ ਕਰੀ ਜਾ ਰਹੇ ਹਨ। ਇਸਦੇ ਵਿੱਚ ਕਿੰਨਾ ਕੁ ਸੱਚ ਹੈ, ਬੜੀ ਚਰਚਾ ਹੁੰਦੀ ਆ ਕਿ ਅਜੋਕੇ ਗਾਣੇ ਸੱਭਿਆਚਾਰਕ ਨਹੀਂ, ਕਈ ਵਾਰ ਗਾਇਕਾਂ ਦਾ ਘਿਰਾਉ ਕੀਤਾ ਜਾਂਦਾ, ਮੁਜਾਹਰੇ ਕੀਤੇ ਜਾਂਦੇ ਆ, ਪੁਲਸ ਵੱਲੋ ਨਿਰਦੇਸ਼ ਦਿੱਤੇ ਜਾਂਦੇ ਆ, ਲੇਖ ਲਿਖੇ ਜਾਂਦੇ ਆ, ਟੀ ਵੀ ਰੇਡੀਉ ਤੇ ਬਹਿਸਾਂ ਹੁੰਦੀਆ, ਆਖਿਰ ਸੱਭਿਆਚਾਰ ਹੁੰਦਾ ਕੀ ਆ, ਸੱਭਿਆਚਾਰ ਦਾ ਤਾਣਾ ਬਾਣਾ ਬਣਦਾ ਕਿਮੇ ਆ। ਸੱਭਿਆਚਾਰ ਅਸਲ ਵਿੱਚ ਇੱਕ ਵਿਸ਼ੇਸ਼ ਖਿੱਤੇ ਦੇ ਲੋਕ ਸਮੂੰਹ ਵੱਲੋ ਸਿਰਜੀ ਜੀਵਨ ਜਾਚ ਨੂੰ ਕਹਿੰਦੇ ਹਨ। ਕਿਸੇ ਭੂਗੋਲਿਕ ਖਿੱਤੇ ਦੇ ਸਾਂਝੇ ਰੂਪ ਵਿੱਚ ਪੀੜੀ ਦਰ ਪੀੜੀ ਉਸਰੇ ਤੇ ਵਿਗਸੇ, ਬੋਲਣ, ਨੱਚਣ ਗਾਉਣ, ਖਾਣ-ਪੀਣ , ਸਾਹਿਤ, ਕਲਾ, ਰਸਮ ਰਿਵਾਜ , ਸੋਚਣ, ਸਮਝਣ, ਤੇ ਵਿਚਾਰਨ ਦੇ ਗੁਣਾ ਦੇ ਸਮੂਚ ਦਾ ਨਾਮ ਹੈ। ਏ ਡਬਲਿਊ ਗਰੀਨ ਅਨੁਸਾਰ ਸੀਭਆਚਾਰ ਗਿਆਨ, ਵਿਵਹਾਰ, ਵਿਸ਼ਵਾਸ ਦੀਆਂ ਉਨਾਂ ਆਦਰਸ਼ ਪਧਤੀਆ ਦੀ ਅਤੇ ਗਿਆਨ ਅਤੇ ਵਿਵਹਾਰ ਦੁਆਰਾ ਪੈਦਾ ਕੀਤੇ ਵਸੀਲਿਆ ਦੀ ਵਿਵਸਥਾ ਨੂੰ ਕਹਿੰਦੇ ਹਨ ਜੋ ਸਮਾਜਿਕ ਤੌਰ ਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਸੌਂਪੀ ਜਾਦੀ ਹੈ

ਸੱਭਿਆਚਾਰ ਇੱਕ ਵਗਦੇ ਦਰਿਆ ਦੀ ਮੂਲ ਹੁੰਦਾ, ਜੋ ਲਗਾਤਾਰ ਵਹਿੰਦਾ ਵੀ ਰਹਿੰਦਾ ਤੇ ਮੌਸਮ ਦੇ ਥਪੇੜਿਆ ਦਾ ਭੰਨਿਆ, ਰੁੱਤ ਰੁੱਤ ਦੇ ਪਾਣੀਆਂ ਦਾ ਸਿੰਜਿਆ, ਸਮੇਂ ਦੀ ਲੋੜ ਅਨੁਸਾਰ ਬਦਲਦਾ ਵੀ ਰਹਿੰਦਾ, ਕਈ ਵਾਰ ਕੰਢੇ ਹੌਲੀ ਹੌਲੀ ਖੁਰਦੇ ਰਹਿੰਦੇ ਆ, ਤੇ ਕਈ ਵਾਰ ਅਜਿਹਾ ਹੜ ਆਉਂਦਾ ਕਿ ਵਹਿਣ ਇੱਕੋਲੱਖਤ ਬਦਲ ਜਾਂਦੇ ਨੇ। ਪਾਣੀ ਵਹਿੰਦੇ ਹੀ ਨਿਰਮਲ ਰਹਿੰਦੇ ਨੇ, ਛੱਪੜਾ ਦਾ ਖੜੋਤਾ ਪਾਣੀ ਤਾਂ ਸੜਿਹਾਂਦ ਮਾਰਨ ਲੱਗ ਪੈਂਦਾ, ਜੋ ਕੱਲ ਹੈ, ਉਹ ਅੱਜ ਨਹੀ ਹੈ, ਤੇ ਜੋ ਅੱਜ ਹੈ ਉਹ ਭਲਕ ਨਹੀਂ ਹੋਵੇਗਾ, ਚਮੜੇ ਦੇ ਬੋਕੇ ਵਾਲਾ ਖੂਹ, ਟਿੰਡਾ ਵਾਲਾ ਖੂਹ, ਪੀਟਰ ਇੰਜਣ ਵਾਲਾ ਟਿਊਬਵੈੱਲ, ਬਿਜਲੀ ਵਾਲੀ ਮੋਟਰ, ਸਬਮਰਸੀਬਲ ਮੱਛੀ ਮੋਟਰਾਂ, ਪਲ ਪਲ ਬਦਲ ਰਿਹਾ ਹੈ, ਮੂੰਹ ਮੁਹਾਂਦਰਾ ਸਾਡੇ ਆਲੇ ਦੁਆਲੇ ਦਾ, ਇਹ ਸਾਡੀ ਵਿਰਾਸਤ ਹੈ, ਇਸਨੂੰ ਆਉਂਦੀਆ ਪੀੜੀਆ ਲਈ ਸੰਭਾਲਕੇ ਰੱਖਣਾ ਜਰੂਰੀ ਹੈ, ਪਰ ਹੁਣ ਅਸੀ ਚਰਖੇ ਨਾਲ ਕੱਤਕੇ ਕੱਪੜੇ ਨਹੀ ਪਾ ਸਕਦੇ, ਹੱਥਚੱਕੀ ਨਾਲ ਆਟਾ ਪੀਹਣ ਲਈ ਸਮਾਂ ਅਤੇ ਬੁੜੀਆਂ ਦੇ ਜੁੱਸੇ ਨਹੀਂ ਲੱਭ ਸਕਦੇ। ਇੱਕ ਵਾਰ ਇੱਕ ਸੂਟਿਡ ਬੂਟਿਡ ਪੰਜਾਬੀ ਲੇਖਕ ਸਟੇਜ ਤੇ ਬੜਾ ਕਿੱਲ ਕਿੱਲਕੇ ਦੁਹਾਈ ਦੇ ਰਿਹਾ ਸੀ ਬਈ ਅੱਜਕੱਲ ਦੇ ਗੀਤਕਾਰਾ ਦਾ ਫਰਜ ਬਣਦਾ ਉਹ ਨੌਜਵਾਨ ਪੀੜੀ ਨੂੰ ਪੰਜਾਬੀ ਸੱਭਿਆਚਾਰ ਤੋਂ ਦੂਰ ਲਿਜਾਣ ਵਾਲੇ ਗੀਤ ਨਾ ਗਾਉਣ, ਕੋਈ ਉਸਨੂੰ ਪੁੱਛੇ ਭਲਿਆ ਮਾਣਸਾ ਆਹ ਜਿਹੜੀ ਰੱਸੀ ਨਾਲ ਤੂੰ ਗਲਾ ਬੱਧਾ ਜਾਣੀ ਕਿ ਟਾਈ ਲਾਈ ਆ ਇਹ ਸਾਡੀ ਕਿਹੜੀ ਸੰਸਕ੍ਰਿਤੀ ਦਾ ਹਿੱਸਾ, ਭਾਈ ਤੇਰਾ ਕੁੜਤਾ ਚਾਦਰਾ ਕਿੱਥੇ ਆ? ਜੇ ਤੂੰ ਡਿਜਾਈਨਰ ਸ਼ੂ ਪਾਕੇ ਅੱਧੀ ਅੰਗਰੇਜੀ ਤੇ ਅੱਧੀ ਪੰਜਾਬੀ ਵਿੱਚ ਪੰਜਾਬੀ ਨੂੰ ਬਚਾਉਣ ਲਈ ਹੋਕਰੇ ਦੇ ਰਿਹਾ ਤਾਂ ਫਿਰ ਗੀਤਾਂ ਵਿੱਚ ਵੀ ਇਹੋ ਕੁਝ ਝਲਕੇਗਾ, ਲੋਕ ਕਲਾਵਾਂ ਜੋ ਸਮਾਜ ਵਿੱਚ ਵਾਪਰ ਰਿਹਾ ਹੁੰਦਾ ਉਸੇ ਦਾ ਪ੍ਰਤੀਬਿੰਬ ਹੁੰਦੀਆ।

ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ, ਯੁਗਾਂ ਯੁਗਾਤਰਾਂ ਤੋਂ ਹੌਲੀ ਹੌਲੀ ਸਭ ਕੁਝ ਬਦਲਦਾ ਆਇਆ, ਪਰ ਪਿਛਲੇ ਥੋੜੇ ਜਿਹੇ ਸਮੇਂ ਵਿੱਚ ਹੀ ਜਿਹੜੀ ਇੰਟਰਨੈੱਟ ਨੇ ਸੁਨਾਮੀ ਲਿਆਂਦੀ ਆ, ਇਸਨੇ ਇੱਕੋ ਵਾਰੀ ਹੇਠਲੀ ਉੱਤੇ ਕਰ ਦਿੱਤੀ ਆ। ਸਾਰਾ ਪੁਰਾਣਾ ਢਾਂਚਾ ਤਹਿਸ ਨਹਿਸ ਹੋ ਗਿਆ ਤੇ ਜੋ ਨਵਾਂ ਸਿਰਜਿਆ ਜਾ ਰਿਹਾ, ਕਈ ਵਾਰ ਉਸਦੇ ਸਾਹਮਣੇ ਸਾਡੀ ਸਮਝ ਬੌਣੀ ਮਹਿਸੂਸ ਹੋਣ ਲੱਗਦੀ ਆ। ਚੰਗੇ ਚਰਿੱਤਰ ਦੇ ਮਾਪਦੰਡ ਬਦਲ ਰਹੇ ਹਨ, ਕੱਲ ਤੱਕ ਮਾਂਵਾ ਬਾਹਰ ਖੇਡਦੇ ਜੁਆਕਾ ਨੂੰ ਮਸਾਂ ਖਿੱਚ ਖਿੱਚਕੇ ਅੰਦਰ ਲਿਆਉਂਦੀਆ ਸੀ, ਪਰ ਹੁਣ ਉਹ ਮਿੰਨਤਾ ਕਰ ਕਰਕੇ ਕੰਮਪਿਊਟਰ, ਫੋਨ ਜਾਂ ਟੈਬਲਟ ਨਾਲ ਜੁੜੇ ਨਿਆਣੇ ਨੂੰ ਧੱਕੋਮੱਲੀ ਬਾਹਰ ਖੇਡਣ ਭੇਜਦੀਆਂ। ਹੁਣ ਕੰਧਾਂ ਕੋਠੇ ਟੱਪਣ ਵਾਲਿਆ ਨਾਲੋਂ ਕਮਰੇ ਅੰਦਰ ਫੋਨ ਉੱਤੇ ਟਿਕ ਟਿਕ ਕਰਨ ਵਾਲਿਆਂ ਕੋਲੋ ਬਾਪ ਦੀ ਪੱਗ ਨੂੰ ਜਿਆਦਾ ਖਤਰਾ।

ਸਮੇਂ ਨਾਲ ਬਦਲਣਾ ਪੈਣਾ, ਹੁਣ ਗੱਡੇ ਤੇ ਬਹਿਕੇ ਮੰਜਲਾਂ ਸਰ ਨਹੀਂ ਕੀਤੀਆਂ ਜਾ ਸਕਦੀਆਂ, ਪਰ ਇਹਦਾ ਮਤਲਬ ਇਹ ਵੀ ਨਹੀਂ ਬਈ ਗੱਡੇ ਨੂੰ ਬਾਲਣ ਵਾਗੂੰ ਫੂਕ ਦਿਉ, ਇਸਨੂੰ ਸੰਭਾਲ ਲਵੋ, ਵਿਰਾਸਤਾ ਦੀਆਂ ਬਾਤਾਂ ਪਾਉਣ ਲਈ, ਪਰ ਹੁਣ ਤਸੀਂ ਗੀਤਾਂ ਵਿੱਚ ਡਾਚੀ ਵਾਲੇ ਨੂੰ ਮੁਹਾਰਾ ਮੋੜਣ ਲਈ ਨਹੀ ਕਹਿ ਸਕਦੇ, ਹੁਣ ਤਾਂ ਲਾਂਸਰ ਤੇ ਕੈਮਰੀ ਤੇ ਹੀ ਜਾਣਾ ਪਊ। ਪਰ ਸਾਡਾ ਸੁਭਾਅ ਈ ਅਜਿਹਾ ਕਿ ਅਸੀ ਇਹ ਕਹਿਣੋ ਕਦੇ ਨੀ ਹਟਣਾ ਬਈ ਕਾਕਾ ਪਹਿਲਾ ਵਾਲੇ ਟਾਇਮ ਚੰਗੇ ਹੁੰਦੇ ਸੀ। ਸਵਾਹ ਚੰਗੇ ਹੁੰਦੇ ਸੀ ਟਾਇਮ ਵੱਟ ਪਿੱਛੇ ਸਕੇ ਭਰਾ ਦਾ ਗਲ ਵੱਢ ਦਿੰਦੇ ਸੀ, ਪਿੰਡ ਚ ਸ਼ਰੀਕੇਬਾਜੀ ਕਮੀਨਗੀ ਦੀਆਂ ਸਭ ਹੱਦਾਂ ਟੱਪਕੇ ਟਕੂਏ ਗੰਡਾਸੇ ਚੁੱਕੀ ਫਿਰਦੀ ਸੀ, ਇੱਕ ਕਤਲ ਹੋ ਜਾਂਦਾ ਸੀ ਦੂਜੇ ਜੇਲਬੰਦ, ਦੋਨੋ ਟੱਬਰ ਰੁਲ ਜਾਂਦੇ ਸੀ, ਸ਼ਾਹੂਕਾਰ ਵਿਆਜ ਪਰ ਵਿਆਜ ਲਗਾਕੇ ਜੱਟਾਂ ਨੂੰ ਊਂ ਨੀ ਸੀ ਸਾਹ ਲੈਣ ਦਿੰਦੇ।

ਬਹੁਗਿਣਤੀ ਗੱਲਾਂ ਦੀ ਗਲਾਧੜ ਹੈ, ਹਰ ਚੀਜ ਨੂੰ ਐਂਵੇ ਹੀ ਨਿੰਦੀ ਜਾਣਗੇ, ਅਸੀ ਪੰਜਾਬੀ ਦੂਜਿਆ ਨੂੰ ਨਸੀਹਤਾ ਦੇਣ ਲਈ ਬੜੇ ਮਸ਼ਹੂਰ ਆ, ਪਰ ਆਪਣੀ ਪੀੜੀ ਥੱਲੇ ਸੋਟਾ ਨਹੀ ਫੇਰਦੇ, ਜੇ ਮਾਣਕ ਦਾ ਗੀਤ ਚਿੱਠੀਆ ਸਾਹਿਬਾ ਜੱਟੀ ਨੇ ਲਿਖ ਮਿਰਜੇ ਵੱਲ ਪਾਈਆ, ਸੱਭਿਆਚਰਕ ਹੈ ਤਾਂ ਭਗਤਾ ਭਾਈਕੇ ਆਲੇ ਦੇ ਗੀਤਾ ਵਿੱਚ ਕੁੜੀ ਬਾਰ ਬਾਰ ਮੋਬਾਇਲ ਫੋਨ ਚੈੱਕ ਕਰਦੀ ਆ ਤਾਂ ਕੀ ਗਲਤ ਆ ਉਹ ਵੀ ਤਾਂ ਆਪਣੇ ਪਿਆਰੇ ਦਾ ਸੁਨੇਹਾ ਈ ਦੇਖਦੀ ਆ, ਨਾਲੇ ਆਪਣੇ ਮਾਮੇ ਦੀ ਧੀ ਨੂੰ ਕੱਢਕੇ ਲੈ ਜਾਣਾ ਕਿੱਡੀ ਕੁ ਸੂਰਮਗਤੀ ਆ, ਜਦੋ ਅੱਜਕੱਲ ਦੇ ਗੀਤਾਂ ਵਿੱਚ ਅਸੀਂ ਕੁੜੀਆ ਮੁੰਡਿਆ ਨੂੰ ਇਕੱਠਿਆ ਬਾਹਵਾਂ ਵਿੱਚ ਬਾਹਵਾਂ ਪਾਕੇ ਨੱਚਦੇ ਦੇਖਦੇ ਆ ਤਾਂ ਸੱਤੀ ਕੱਪੜੀ ਅੱਗ ਲੱਗਦੀ ਆ ਤੇ ਜਦੋ ਹੀਰ ਬਾਰਾਂ ਵਰੇ ਬੇਲਿਆ ਚ ਰਾਂਝੇ ਨੂੰ ਘਰੇ ਝੂਠ ਬੋਲ ਬੋਲਕੇ ਮਿਲਦੀ ਆ, ਰਾਝਾਂ ਕੰਧ ਟੱਪਕੇ ਘਰੇ ਆਉਂਦਾ ਤਾ ਉਹ ਸਾਡੀ ਵਿਰਾਸਤ ਹੈ।

ਇਸਦੇ ਵਿੱਚ ਕੋਈ ਸ਼ੱਕ ਨਹੀਂ ਕਈ ਗੀਤ ਵਾਕਿਆ ਹੀ ਉਕਸਾਊ ਤੇ ਭੜਕਾਊ ਹੁੰਦੇ ਆ, ਗੀਤਕਾਰਾ ਤੇ ਗਾਇਕਾਂ ਨੂੰ ਖਿਆਲ ਰੱਖਣਾ ਚਾਹੀਦਾ ਕਿ ਉਹ ਉਸਾਰੂ ਗੀਤ ਲੈਕੇ ਆਉਣ, ਸਟਾਰ ਗਾਇਕ ਅਜੋਕੀ ਪੀੜੀ ਦੇ ਆਈਕੌਨ ਨੇ ਤੇ ਇਸਦੇ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਅਲੜ ਵਰੇਸੇ, ਜਵਾਨੀ ਉਨਾ ਦੇ ਮਗਰ ਲੱਗਕੇ ਜਰੂਰ ਕੁਝ ਨਾ ਕੁਝ ਪੁੱਠਾ ਸਿੱਧਾ ਕਰ ਬਹਿੰਦੀ ਹੋਊ, ਪਰ ਕੀ ਸ਼ਰਾਬ ਦੀ ਵਧਦੀ ਖਪਤ ਲਈ ਸ਼ਰਾਬ ਨਾਲ ਸਬੰਧਿਤ ਗੀਤ ਕੱਲੇ ਹੀ ਜਿੰਮੇਵਾਰ ਨੇ, ਹਰ ਪਿੰਡ ਦੇ ਮੋੜ ਤੇ ਠੇਕਾ ਖੋਲਣ ਵਿੱਚ ਤਾਂ ਗਾਇਕਾ ਦਾ ਕੋਈ ਹੱਥ ਨਹੀ, ਆਪਾਂ ਸਾਰੇ ਜਾਣਦੇ ਹਾਂ ਕਿ ਭੁੱਕੀ ਅਫੀਮ ਤੇ ਹੋਰ ਨਸ਼ੇ ਕੌਣ ਲੋਕ ਵੇਚਦੇ ਨੇ, ਪਰ ਉਹਨਾ ਨੂੰ ਤਾਂ ਕੋਈ ਹੱਥ ਨੀ ਪਾਉਂਦਾ।

ਸਾਡੇ ਪੰਜਾਬ ਕੋਲੇ ਸਾਡੇ ਗੁਰੂਆ ਦਾ ਦਿੱਤਾ ਹੋਇਆ ਮੀਰੀ ਅਤੇ ਪੀਰੀ ਦਾ ਬੜਾ ਹੀ ਅਮੀਰ ਸਰਮਾਇਆ ਹੈ, ਸਾਡੇ ਹਰ ਪਿੰਡ ਵਿੱਚ ਦੋ ਦੋ, ਤਿੰਨ ਤਿੰਨ ਗੁਰਦਵਾਰੇ ਨੇ, ਮੰਦਰ ਨੇ, ਮਸੀਤਾਂ ਤੇ, ਕਿੰਨੇ ਗੁਰਬਾਣੀ ਦੇ ਚੈਨਲ ਨੇ, ਦਰਬਾਰ ਸਾਹਿਬ ਸਮੇਤ ਕਿੰਨੇ ਹੀ ਇਤਿਹਾਸਕ ਗੁਰੂਦਵਾਰਿਆ ਤੋਂ ਚੌਵੀ ਘੰਟੇ ਗੁਰਬਾਣੀ ਦਾ ਕਥਾ ਕੀਰਤਨ ਪਰਵਾਹ ਚਲਦਾ ਰਹਿੰਦਾ, ਫਿਰ ਸਾਰੇ ਲੋਕ ਇਸਦਾ ਅਸਰ ਕਿਉਂ ਨਹੀ ਕਬੂਲਦੇ, ਮੈਨੂੰ ਲਗਦਾ ਗਾਉਣ ਵਾ-ਲਿਆ ਵਿੱਚ ਨਹੀ, ਨੁਕਸ ਸੁਣਨ ਵਾ-ਲਿਆ ਵਿੱਚ ਹੈ, ਕੁਮੈਤ ਟੱਟੂ ਨਾ ਜਾਣੇ ਮਖੱਟੂ, ਜਦੋ ਆਪਾਂ ਚੰਗੀਆਂ ਚੀਜਾਂ ਦੀ ਕਦਰ ਨਾ ਕਰਾਂਗੇ ਤਾਂ ਆਪੇ ਅੱਕਾਂ ਵਿੱਚ ਰਿੰਡ ਪ੍ਰਧਾਨ ਹੋਊ। ਕਾਗਜ਼ਾ ਦੇ ਘੋੜੇ, ਕਦ ਤੱਕ ਦੌੜੇ, ਆਖਿਰ ਨੂੰ ਨਗੌਰੀ ਬਲਦ ਹੀ ਨਿੱਤਰਨਗੇ।

ਜੇ ਤੁਸੀ ਇੱਥੇ ਦਾ ਗਰਾਇਮ ਮਿਊਜਿਕ ਸੁਣੋ ਤਾਂ ਡਰੇਕ ਤੇ ਸਕੈਪਟਾ ਵਰਗੇ ਸਿੱਧੀਆ ਗਾਹਲਾ ਕੱਢਦੇ ਆ, ਗਾਣਿ-ਆ ਵਿੱਚ ਡਰੱਗਜ ਅਤੇ ਕੁੜੀਆ ਨਾਲ ਹਮਬਿਸਤਰ ਹੋਣ ਦੀਆਂ ਸ਼ਰੇਆਮ ਗੱਲਾਂ ਕਰਦੇ ਨੇ ਉਨਾ ਨੂੰ ਸੁਣਕੇ ਨਾ ਤਾਂ ਏਥੇ ਦੇ ਨਿਆਣੇ ਵਿਗੜਦੇ ਤੇ ਨਾ ਹੀ ਗੋਰਿਆ ਦੇ ਕਲਚਰ ਦਾ ਕੱਖ ਵਿਗੜਦਾ ਤੇ ਫੇਰ ਸਾਡਾ ਸੱਭਿਆਚਾਰ ਕਿਹੜੇ ਕੱਚ ਦਾ ਬਣਿਆ ਹੋਇਆ ਜਿਹੜਾ ਸਿਰਫ ਇੱਕ ਗੀਤ ਨਾਲ ਹੀ ਟੁੱਟ ਜਾਂਦਾ, ਦਰਅਸਲ ਅਸੀ ਹਿਪੋਕਰੇਟ ਹਾਂ, ਸਾਡੀ ਕਹਿਣੀ ਤੇ ਕਥਨੀ ਵਿੱਚ ਫਰਕ ਆ, ਮੈਂ ਇੱਕ ਵਿਆਹ ਤੇ ਇੱਕ ਅਜਿਹੇ ਭੱਦਰਪੁਰਸ਼ ਨੂੰ ਦੇਖਿਆ ਜਿਹੜਾ ਸਵੇਰੇ ਤਾਂ ਅੰਮ੍ਰਿਤ ਮਾਨ ਨੂੰ ਬੁਰਾ ਭਲਾ ਕਹਿ ਰਿਹਾ ਸੀ ਬਈ ਉਹ ਗੰਦੇ ਗਾਣੇ ਗਾਉਂਦਾ ਤੇ ਸ਼ਾਮ ਨੂੰ ਘੁੱਟ ਲਾਕੇ ਨਾਲੇ ਪੈਸੇ ਲੁਟਾ ਰਿਹਾ ਸੀ ਤੇ ਨਾਲੇ ਡੀ ਜੇ ਵਾਲੇ ਨੂੰ ਬਾਰ ਬਾਰ ਕਹਿ ਰਿਹਾ ਸੀ ਕਿ ਜੱਟਾਂ ਦੇ ਨਾ ਨੇੜੇ ਲੱਗਦੀ ਵਾਲਾ ਲਾ। ਆਖਿਰ ਸੱਭਿਆਚਾਰ ਨੂੰ ਬਣਾਉਂਦਾ ਕੌਣ ਆ, ਅਸੀ ਹੀ ਸਾਰੇ ਰਲ ਮਿਲਕੇ ਸਿਰਜਦੇ ਆ ਇਸਦਾ ਤਾਣਾ ਬਾਣਾ। ਜੇ ਆਪਾ ਇਹੋ ਜਿਹੇ ਗੀਤ ਸੁਣਨੇ ਬੰਦ ਕਰ ਦੇਈਏ ਤਾਂ ਉਹ ਆਪੇ ਗਾਉਣਾ ਬੰਦ ਕਰ ਦੇਣਗੇ, ਇੱਕ ਪਾਸੇ ਤਾਂ ਆਪ ਦਸ ਦਸ ਲੱਖ ਦੇਕੇ ਉਨਾ ਨੂੰ ਸੱਦਦੇ ਆ ਤੇ ਫੇਰ ਉਨਾ ਦੇ ਗਾਣਿਆ ਤੇ ਆਰਕੈਸਟਰਾ ਵਾਲੀਆ, ਰੋਜੀ ਰੋਟੀ ਦੀ ਮਜਬੂਰੀ ਖਾਤਿਰ ਨੱਚਣ ਵਾਲੀਆ, ਕੁੜੀਆ ਵੱਲ ਭੱਦੇ ਭੱਦੇ ਇਸ਼ਾਰੇ ਕਰਕੇ ਆਪਣੀਆਂ ਧੀਆਂ ਭੈਣਾ ਦੇ ਸਾਹਮਣੇ ਨੱਚਦੇ ਆ। ਤੇ ਫੇਰ ਕਹਿੰਦੇ ਆ ਜੀ ਗਾਉਣ ਵਾਲਿਆ ਨੇ ਗੰਦ ਪਾਇਆ।

ਵੈਸੇ ਬਹੁਤਾ ਰੌਲਾ ਉਹ ਗਾਇਕ ਜਾਂ ਗੀਤਕਾਰ ਵੀ ਪਾਉਂਦੇ ਆ ਜਿੰਨਾ ਨੂੰ ਕੋਈ ਪੁੱਛਦਾ ਨਹੀ। ਉਹ ਵੀ ਜਥੇਬੰਦੀਆ ਬਣਾਕੇ ਨਾਅਰੇ ਮਾਰਦੇ ਆ ਕਿ ਗੀਤਾਂ ਤੇ ਸੈਂਸਰਸ਼ਿਪ ਲਾਉ, ਕਈ ਵਾਰ ਤਾਂ ਹੱਥ ਨਾ ਪੁੱਜੇ ਥੂ ਕੌੜੀ ਵਾਲੀ ਗੱਲ ਹੈ, ਅੱਜਕੱਲ ਇਕ ਗਾਇਕਾ ਦੀ ਬੜੀ ਚੜਾਈ ਆ ਤੇ ਉਹ ਵੀ ਅਖੌਤੀ ਗੈਰ ਮਿਆਰੀ ਗੀਤ ਗਾਉਂਦੀ ਆ, ਪਰ ਜਦੋ ਉਸਦੇ ਗਾਣੇ ਨਹੀ ਚੱਲਦੇ ਸਨ ਤਾਂ ਉਹ ਸਿਰ ਤੇ ਦੁਮਾਲਾ ਬੰਨਕੇ ਲੋਕਾਂ ਨੂੰ ਸਿੱਖੀ ਨਾਲ ਜੁੜਣ ਦੇ ਉਪਦੇਸ਼ ਦਿੰਦੀ ਸੀ, ਤੇ ਇੱਕ ਬਹੁਤ ਵੱਡਾ ਪੰਜਾਬੀ ਗਾਇਕ ਇਹ ਦਾਅਵਾ ਕਰਦਾ ਬਈ ਜਦੋਂ ਉਹ ਕੀਰਤਨ ਕਰਦਾ ਸੀ ਤਾਂ ਲੋਕ ਉਸਨੂੰ ਮਸਾ ਢਾਈ ਸੌ ਰੁਪਇਆ ਦਿੰਦੇ ਸੀ ਤੇ ਜਦੋ ਉਹ ਪੌਪ ਵੱਲ ਆਇਆ ਤਾਂ ਲੱਖਾਂ ਮਿਲਣ ਲੱਗੇ, ਨੁਕਸ ਸਾਡੇ ਵਿੱਚ ਵੀ ਹੈ।

ਸਾਡਾ ਕੰਮ ਹੈ ਦਮਗਜੇ ਵੱਡੇ ਵੱਡੇ ਮਾਰਨੇ ਤੇ ਕਰਨਾ ਕੱਖ ਨੀ, ਗੱਲੀਬਾਤੀ ਆਪਣੇ ਗੌਰਵਮਈ ਵਿਰਸੇ ਦੀ, ਆਪਣੇ ਪਿਛੋਕੜ ਦੀ ਜੈ ਜੈ ਕਾਰ ਕਰੀ ਜਾਣੀ ਆ, ਆਖਰ ਸਾਡਾ ਪਿਛੋਕੜ ਹੈ ਕੀ ਆ, ਇੱਕ ਪਾਸੇ ਤਾਂ ਸਾਡੇ ਕੋਲ ਗੁਰੂਆ ਦੀ ਬਹਾਦਰੀ ਤੇ ਕੁਰਬਾਨੀ ਹੈ, ਬਾਬੇ ਨਾਨਕ ਤੇ ਫਰੀਦ ਦੀ ਬਾਣੀ ਹੈ, ਊਧਮ ਤੇ ਸਰਾਭੇ ਦੀ ਸੂਰਮਗਤੀ ਹੈ, ਰਣਜੀਤ ਸਿੰਘ ਦੀ ਸਾਝਾ ਵਾਲੀ ਰਾਜਨੀਤੀ, ਸਭ ਲਈ ਬਰਾਬਰਤਾ ਹੈ ਤੇ ਦੂਜੇ ਪਾਸੇ ਗਦਾਰੀ ਹੈ, ਦਿਉਰ ਭਾਬੀ, ਨੂੰਹ ਸਹੁਰੇ ਦੇ ਅਨੈਤਿਕ ਰਿਸ਼ਤੇ ਨੇ, ਇੱਕ ਇੱਕ ਤੀਵੀ ਵੱਲੋ ਪੰਜ ਪੰਜ ਭਾਈਆ ਦੇ ਵੱਸਣਾ ਤਾਂ ਕਿ ਜਮੀਨ ਨਾ ਵੰਡੀ ਜਾਵੇ ਤੇ ਅਜੇ ਪੰਜਾਹ ਸਾਲ ਪਹਿਲਾ ਤੱਕ ਆਪਣੀਆ ਧੀਆ ਭੈਣਾ ਦੇ ਪੈਸੇ ਵੱਟਕੇ ਸਾਕ ਕਰਦੇ ਰਹੇ, ਫੇਰ ਮੁੰਡਿਆ ਲਈ ਮੂੰਹ ਮੰਗਿਆ ਦਾਜ ਲੈਂਦੇ ਰਹੇ ਤੇ ਹੁਣ ਫੇਰ ਆਇਲੈੱਟ ਵਾਲੀਆ ਕੁੜੀਆ ਦੇ ਮੁੱਲ ਪੈਣ ਲੱਗੇ ਨੇ। ਇਹ ਸਭ ਗੱਲਾਂ ਵੀ ਸਾਨੂੰ ਮੰਨ ਲੈਣੀਆ ਚਾਹੀਦੀਆ ਕਿਉਂਕਿ ਸੋਲਾਂ ਕਲਾਂ ਸੰਪੂਰਨ ਕੋਈ ਨਹੀ ਹੁੰਦਾ, ਸਾਡੀ ਕੌਮ ਵਿੱਚ ਵੀ ਕਮੀਆ ਹਨ।

ਛਪਾਰ ਦੇ ਮੇਲੇ ਤੇ ਰਾਤ ਨੂੰ ਜਿਹੜਾ ਬਾਬਿਆ ਦਾ ਗਿੱਧਾ ਪੈਂਦਾ ਸੀ ਤੇ ਹੈ ਉੱਥੇ ਮੁਢ ਕਦੀਮ ਤੋਂ ਅਖੌਤੀ ਗੰਦੀਆਂ ਬੋਲੀਆ ਪੈਂਦੀਆ ਆਈਆ, ਅਸੀ ਮੋਟਰਾ ਤੇ ਘਰ ਦੀ ਕੱਢੀ ਦੇ ਹਾੜੇ ਲਾਕੇ ਦੂਹਰੇ ਅਰਥਾਂ ਦੇ ਗੀਤਾਂ ਵਾਲੀਆਂ ਟੇਪਾ ਸੁਣਦੇ ਆਏ ਹਾਂ ਤੇ ਸਾਡੀਆਂ ਮਾਵਾ,ਭੈਣਾ,ਚਾਚੀਆ, ਤਾਈਆ ਵੀ ਜਦੋ ਵਿਆਹ ਤੇ ਲੇਡੀਜ ਔਨਲੀ ਗਾਉਣ ਪਾਣੀ ਦੇ ਪ੍ਰੋਗਾਰਮ ਹੁੰਦੇ ਸੀ ਤਾਂ ਅਜਿਹਾ ਹਾਸਾ ਠੱਠਾ ਕਰਦੀਆ ਆਈਆ। ਪਰ ਹੁਣ ਯੂਟਿਊਬ ਅਤੇ ਫੇਸਬੁੱਕ ਆ ਜਾਣ ਕਰਕੇ ਇਹ ਸਭ ਕੁਝ ਸਾਹਮਣੇ ਆਉਣ ਲੱਗ ਗਿਆ ਹੈ, ਪਰ ਸਾਨੂੰ ਤਾਂ ਹਰ ਚੀਜ ਤੇ ਪਰਦਾ ਪਾਇਆ ਹੀ ਚੰਗਾ ਲੱਗਦਾ।

ਪੰਜਾਬੀ ਦਾ ਇੱਕ ਅਖਾਣ ਹੈ ਕਿ ਸ਼ੇਰਾ ਤੂੰ ਖਾ ਨਾ, ਤੇਰਾ ਮੂੰਹ ਲਹੂ ਲਿਬੜਿਆ, ਭਾਵ ਬਦਨਾਮ ਹੋਏ ਬੰਦੇ ਨੂੰ ਕਿਸੇ ਬੁਰਾਈ ਵਿੱਚ ਭਿਆਲ ਨਾ ਹੁੰਦਿਆ ਵੀ ਦੋਸ਼ੀ ਮਿੱਥ ਲਿਆ ਜਾਂਦਾ। ਸਥਾਪਿਤ ਨਿਜ਼ਾਮ ਵੱਲੋ ਲੋਕਾਂ ਦਾ ਧਿਆਨ ਅਸਲ ਸਮੱਸਿਆਵਾ ਵੱਲੋ ਹਟਾਉਣ ਲਈ ਸਾਰਾ ਤੋੜਾ ਗਾਉਣ ਵਾਲਿਆ ਤੇ ਝਾੜ ਦਿੱਤਾ ਜਾਂਦਾ।

ਬਾਕੀ ਜਿਹੜੇ ਗੀਤ ਅਤੇ ਫਿਲਮਾ ਹੁੰਦੀਆ ਉਹ ਅਸਲੀਅਤ ਨਹੀਂ ਹੁੰਦੀਆ, ਉਹ ਸਾਡੇ ਮਨ ਵਿਚਲੇ ਸੁਪਨੇ ਹੁੰਦੇ ਨੇ, ਕਈ ਵਾਰ ਅਸੀਂ ਆਪਣੇ ਮਨ ਵਿੱਚਲੀਆ ਖਾਹਿਸ਼ਾ ਨੂੰ ਗੀਤਾਂ ਰਾਹੀ ਪੂਰੀਆ ਕਰ ਲੈਂਦੇ ਆ, ਸੋ ਬਹੁਤਾ ਗੰਭੀਰ ਹੋਣ ਦੀ ਜਰੂਰਤ ਨਹੀਂ, ਕਦੇ ਵਾਜਾਂ, ਕਦੇ ਦੋਗਾਣੇ, ਕਦੇ ਕਲੀਆਂ, ਕਦੇ ਸੋਲੋ, ਕਦੇ ਤੂੰਬੀ, ਕਦੇ ਮਿਕਸ ਕਦੇ ਰੈਪ ਇਹ ਸਮੇਂ ਸਮੇਂ ਦੇ ਰਾਗ ਨੇ, ਬਹੁਤਾ ਫਿਕਰ ਕਰਨ ਦੀ ਲੋੜ ਨਹੀ, ਜਿੰਨੀ ਦੇਰ ਸਾਡੇ ਕੋਲ ਗੁਰੂ ਗਰੰਥ ਸਾਹਿਬ ਦੀ ਬਾਣੀ ਆ ਤੇ ਅਸੀਂ ਇਸਦੇ ਨਾਲ ਜੁੜੇ ਹੋਏ ਆ ਸਾਡਾ ਕੱਖ ਨੀ ਵਿਗੜਦਾ। ਜੇ ਤੁਹਾਨੂੰ ਲੱਗਦਾ ਬਈ ਕੋਈ ਬੰਦਾ ਮਾੜਾ ਗਾਉਂਦਾ ਤਾਂ ਉਸਨੂੰ ਸੁਣਨਾ ਬੰਦ ਕਰ ਦਿਉ। ਤੇ ਜੇ ਤੁਸੀਂ ਸੋਚਦੇ ਹੋ ਤੇ ਫਲਾਨਾ ਗਾਇਕ ਬਹੁਤ ਘਾਤਕ ਗਾ ਰਿਹਾ ਤੇ ਲੋਕ ਉਸਦੇ ਗਾਣਿਆ ਤੇ ਵਾਰੇ ਵਾਰੇ ਜਾ ਰਹੇ ਤਾਂ ਇਹ ਮੰਨ ਲਵੋ ਕਿ ਭਾਵੇ ਤੁਹਾਡੀ ਸੋਚ ਉਸਦੇ ਨਾਲ ਨਹੀ ਮਿਲਦੀ ਪਰ ਉਸਦੇ ਵਿੱਚ ਜਰੂਰ ਕੋਈ ਕਲਾ ਹੈ ਜਿਹੜੀ ਤੁਹਾਨੂੰ ਨਜਰ ਨਹੀ ਆਉਂਦੀ।

ਜਿੰਨਾ ਤੁਸੀ ਸਮਾਜ ਨੂੰ ਬੰਨ ਬੰਨ ਰੱਖੋਗੇ, ਉਨਾ ਹੀ ਖਿਲਾਰਾ ਵੱਧ ਪਵੇਗਾ, ਲਾ ਲੈਣ ਦਿਉ ਇੰਨਾ ਨੂੰ ਵੀ ਜੋਰ, ਅੰਤ ਨੂੰ ਉਹੀ ਚੱਲੇਗਾ, ਜਿਹਦੀ ਕਲਾ ਵਿੱਚ ਦਮ ਹੋਵੇਗਾ, ਇਹੋ ਜਿਹੇ ਗੀਤਾਂ ਦੀ ਉਮਰ ਬਹੁਤੀ ਲੰਮੀ ਨਹੀ ਹੁੰਦੀ, ਪਿੱਤਲ ਨੂੰ ਜਿੰਨੀ ਮਰਜੀ ਝਾਲ ਫੇਰ ਲਵੋ, ਅਖੀਰ ਨੂੰ ਖੋਟਾ ਸਿੱਕਾ ਪਛਾਣਿਆ ਜਾਵੇਗਾ, ਜੇ ਮਾੜਿਆਂ ਦੀ ਨਿੰਦਾ ਕਰਨ ਦੀ ਬਜਾਏ ਚੰਗੇ ਗੀਤਾਂ ਦੀ ਪ੍ਰਸ਼ੰਸ਼ਾ ਕਰਨ ਲੱਗ ਜਾਈਏ, ਵਧੀਆ ਤੇ ਉਸਾਰੂ ਸੋਚ ਵਾਲੇ ਗਾਇਕਾ ਨੂੰ ਉਨਾ ਦਾ ਬਣਦਾ ਮਾਣ ਸਤਿਕਾਰ ਦੇਣ ਲੱਗ ਜਾਈਏ ਤਾਂ ਅਜਿਹੇ ਵਰਤਾਰੇ ਨੂੰ ਜਲਦੀ ਠੱਲ ਪੈ ਸਕਦੀ ਆ। ਕਣਕ ਵਿੱਚ ਕਾਂਗਿਆਰੀ ਹਮੇਸ਼ਾ ਹੁੰਦੀ ਪਰ ਤੁਸੀਂ ਕਣਕ ਦੇ ਸੁਨਹਿਰੀ ਰੰਗ ਵੱਲ ਧਿਆਨ ਦਿਉ, ਕਾਂਗਿਆਰੀ ਬਾਰੇ ਬਹੁਤਾ ਨਾ ਸੋਚੋ, ਇਹਦੇ ਕਰਕੇ ਕਦੇ ਕਣਕ ਦੇ ਝਾੜ ਤੇ ਬਹੁਤਾ ਅਸਰ ਨਹੀਂ ਪਵੇਗਾ।

ਬਿੱਟੂ ਖੰਗੂੜਾ

# ਪਾਰਸੀਆਂ ਨੂੰ ਬੱਚਿਆਂ ਤੇ ਬਜ਼ੁਰਗਾਂ ਦੀ ਸੰਭਾਲ ਲਈ ਭੱਤਾ ਮਿਲੇਗਾ

-ਐਲ ਘੋਸ਼

ਭਾਰਤ 'ਚ ਘਟਦੇ ਜਾ ਰੇਹ ਪਾਰਸੀ ਭਾਈਚਾਰੇ ਦੇ ਮੈਂਬਰਾਂ ਦੀ ਗਿਣਤੀ ਵਧਾਉਣ ਲਈ 2013 'ਚ ਸ਼ੁਰੂ ਕੀਤੀ ਗਈ 'ਜੀਓ ਪਾਰਸੀ' ਮੁਹਿੰਮ ਦਾ ਤੀਜਾ ਗੇੜ ਇੱਕ ਹਫਤਾ ਪਹਿਲਾਂ ਤਿੰਨ ਅਗਾਂਹਵਧੂ ਯਤਨਾਂ ਨਾਲ ਸ਼ੁਰੂ ਕੀਤਾ ਗਿਆ ਹੈ। ਜਿਹੜੇ ਪਾਰਸੀ ਜੋੜਿਆਂ ਦੀ ਸਾਂਝੀ ਆਮਦਨ 15 ਲੱਖ ਰੁਪਏ ਸਾਲਾਨਾ ਤੋਂ ਘੱਟ ਹੋਵੇਗੀ, ਉਨ੍ਹਾਂ ਨੂੰ ਅੱਠ ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਦੀ ਸੰਭਾਲ ਲਈ 4000 ਰੁਪਏ ਹਰ ਮਹੀਨੇ ਦਿੱਤੇ ਜਾਣਗੇ। ਇਸ ਤੋਂ ਬਿਨਾ ਉਨ੍ਹਾਂ ਨੂੰ ਹਰ ਬਜ਼ੁਰਗ ਦੀ ਦੇਖਭਾਲ ਲਈ 4000 ਰੁਪਏ ਮਿਲਣਗੇ ਅਤੇ ਬਜ਼ੁਰਗ ਪਾਰਸੀਆਂ ਨੂੰ 10 ਸਾਲ ਤੋਂ ਘੱਟ ਉਮਰ ਦੇ ਹਰ ਇੱਕ ਬੱਚੇ ਦੀ ਦੇਖਭਾਲ ਲਈ 3000 ਰੁਪਏ ਦਿੱਤੇ ਜਾਣਗੇ।

ਪਾਰਸੀਆਂ ਨੂੰ ਇਹ ਪੈਸਾ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਦਿੱਤਾ ਜਾਵੇਗਾ, ਜਿਸ ਨੇ 'ਜੀਓ ਪਾਰਸੀ' ਮੁਹਿੰਮ ਤਹਿਤ ਸ਼ੁਰੂ ਕੀਤੇ ਸਾਰੇ ਯਤਨਾਂ ਲਈ 12 ਕਰੋੜ ਰੁਪਏ ਫੰਡ ਰੱਖਿਆ ਹੈ। ਇਸ ਤੋਂ ਪਹਿਲਾਂ ਇਹ ਰਿਪੋਰਟ ਸੀ ਕਿ ਬਜ਼ੁਰਗ ਪਾਰਸੀ ਆਪਣੇ ਪੋਤਿਆਂ-ਪੜਪੋਤਿਆਂ ਲਈ 'ਬੇਬੀਸਿਟਰ' ਬਣਨਗੇ, ਪਰ ਜਿੱਥੇ ਸ਼ਹਿਰੀ ਭਾਰਤ 'ਚ ਬਜ਼ੁਰਗ ਪਹਿਲਾਂ ਹੀ ਅਜਿਹਾ ਕਰਦੇ ਹਨ, ਉਥੇ ਹੀ ਪਾਰਸੀ ਭਾਈਚਾਰਾ ਇਹ ਯਕੀਨੀ ਕਰੇਗਾ ਕਿ ਉਸ ਨੂੰ ਇਸ ਦੇ ਲਈ 'ਕੀਮਤ' ਵੀ ਚੁਕਾਈ ਜਾਵੇ। 'ਜੀਓ ਪਾਰਸੀ' ਮੁਹਿੰਮ ਦੇ ਪਹਿਲੇ ਦੋ ਗੇੜ ਰੰਗ ਲਿਆਏ, ਜਿਨ੍ਹਾਂ ਦੇ ਤਹਿਤ ਬੇਔਲਾਦ ਜੋੜਿਆਂ ਅਤੇ ਅਸਿਸਟਿਡ ਰੀਪ੍ਰੋਡਕਸ਼ਨ ਟੈਕਨੀਕਸ (ਏ ਆਰ ਟੀ) ਦਾ ਬਦਲ ਦਿੱਤਾ ਜਾਂਦਾ ਸੀ। ਯੂਨੈਸਕੋ ਦੇ ਸਹਿਯੋਗ ਨਾਲ 'ਜੀਓ ਪਾਰਸੀ' ਮੁ-ਹਿੰਮ ਦੀ ਸ਼ੁਰੂਆਤ ਕਰਨ ਵਾਲੀ ਪਾਰਜ਼ੋਰ ਫਾਊਂਡੇਸ਼ਨ ਦੀ ਮੁਖੀ ਸ਼ਰਨਾਜ਼ ਕਾਮਾ ਨੇ ਦੱਸਿਆ ਕਿ ਮੁਹਿੰਮ ਦੇ ਸ਼ੁਰੂ ਹੋਣ ਤੋਂ ਲੈ ਕੇ ਅੱਜ ਤੱਕ ਏ ਆਰ ਟੀ (ਆਰਟ) ਦੇ ਜ਼ਰੀਏ ਭਾਈਚਾਰੇ 'ਚ 178 ਬੱਚਿਆਂ ਦਾ ਜਨਮ ਹੋਇਆ। ਇਹ 18 ਫੀਸਦੀ ਵਾਧੇ ਨੂੰ ਦਰਸਾਉਂਦਾ ਹੈ। 'ਜੀਓ ਪਾਰਸੀ' ਦੇ ਯਤਨਾਂ ਦਾ ਉਦੇਸ਼ ਪਾਰਸੀ ਜੋੜਿਆਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹ ਕਰਨਾ ਤੇ ਭਾਈਚਾਰੇ ਦੀ ਗਿਣਤੀ ਵਧਾਉਣਾ ਹੈ। ਇੱਕ ਹਫਤਾ ਪਹਿਲਾਂ, ਭਾਵ ਬੀਤੇ ਵੀਰਵਾਰ ਕਾਮਾ ਅਤੇ ਐਡ ਏਜੰਸੀ 'ਮੈਡੀਸਨ ਵਰਲਡ' ਦੇ ਚੇਅਰਮੈਨ ਸੈਮ ਬਲਰਾਰਾ ਨੇ ਤੀਜਾ ਗੇੜ ਨਵੀ ਪ੍ਰਚਾਰ ਮੁਹਿੰਮ ਨਾਲ ਸੂਰੂ ਕੀਤਾ, ਜਿਸ ਦੇ ਤਹਿਤ ਦੁਨੀਆ ਨੂੰ ਬਜ਼ੁਰਗਾਂ ਤੇ ਬੱਚਿਆਂ ਦੀ ਦੇਖਭਾਲ ਸੰਬੰਧੀ ਨਵੇਂ ਲਾਭਾਂ ਬਾਰੇ ਜਾਣੂ ਕਰਾਇਆ ਜਾਵੇਗਾ।

ਸ਼ਰਨਾਜ਼ ਕਾਮਾ ਨੇ ਦੱਸਿਆ ਕਿ ਆਪਣੇ ਬਜ਼ੁਰਗਾਂ ਦੀ ਸੰਭਾਲ ਲਈ ਪਰਵਾਰਾਂ ਨੂੰ ਪੈਸਾ ਦੇਣ ਦੇ ਨਾਲ ਬਜ਼ੁਰਗਾਂ ਨੂੰ ਵੀ ਉਨ੍ਹਾਂ ਦੇ ਘਰ ਦੇ ਬੱਚਿਆਂ ਦੀ ਸੰਭਾਲ ਲਈ ਪੈਸਾ ਦੇਣ ਨਾਲ ਦੋਵਾਂ ਪੀੜ੍ਹੀਆਂ ਨੂੰ ਲਾਭ ਹੋਵ-ੇਗਾ। ਉਸ ਨੇ ਆਸ ਪ੍ਰਗਟ ਕੀਤੀ ਕਿ ਇਸ ਮਾਡਲ ਨੂੰ ਬਾਕੀ ਭਾਈਚਾਰਿਆਂ ਵਿੱਚ ਵੀ ਦੁਹਰਾਇਆ ਜਾਵੇਗਾ। 'ਇੰਡੀਅਨ ਇੰਸਟੀਚਿਊਟ ਆਫ ਪਾਪੂਲੇਸ਼ਨ ਸਟੱਡੀਜ਼' ਦੀ ਤਾਜ਼ਾ ਰਿਪੋਰਟ ਦੇ ਮੁਤਾਬਕ ਪਾਰਸੀਆਂ ਵਿੱਚ ਪ੍ਰਤੀ ਮੈਂਬਰ ਨਿਰਭਰ ਬਜ਼ੁਰਗਾਂ ਦੀ ਗਿਣਤੀ ਸਭ ਤੋਂ ਵੱਧ ਹੈ। ਸ਼ਰਨਾਜ਼ ਕਾਮਾ ਅਨੁਸਾਰ ਨੌਜਵਾਨ ਜੋੜੇ ਨਾ ਸਿਰਫ ਆਪਣੇ ਮਾਂ ਪਿਓ ਦੀ ਦੇਖਭਾਲ ਕਰ ਰਹੇ ਹਨ, ਸਗੋਂ ਆਪਣੇ ਅਣਵਿਆਹੇ ਅੰਕਲਾਂ ਤੇ ਆਂਟੀਆਂ ਦੀ ਵੀ ਦੇਖਭਾਲ ਕਰ ਰਹੇ ਹਨ ਅਤੇ ਇਹ ਭਾਵਨਾਤਮਕ ਬੋਝ ਉਨ੍ਹਾਂ ਨੂੰ ਕੁਚਲ ਰਿਹਾ ਹੈ। ਬਲਸ-ਾਰਾ ਨੇ ਕਿਹਾ ਕਿ ਸੁਭਾਵਿਕ ਹੈ ਕਿ ਉਹ ਬੱਚਿਆਂ ਦੀ ਦੇਖਭਾਲ ਨਹੀਂ ਕਰਨਾ ਚਾਹੁੰਦੇ, ਪਰ ਲੱਗਦਾ ਹੈ ਕਿ ਇਹ ਇੱਕ ਬਹੁਤ ਢਿੱਲਾ ਜਿਹਾ ਰਵੱਈਆ ਹੈ ਤੇ ਪਰਵਾਰਕ ਕਦਰਾਂ ਕੀਮਤਾਂ ਨੂੰ ਲੱਗੀ ਢਾਅ ਨੂੰ ਦਰਸਾਉਂਦਾ ਹੈ। ਇਸ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਾਰੀਆਂ ਸੰਭਾਵੀ ਰੁਕਾਵਟਾਂ ਨੂੰ ਹਟਾ ਦਿੱਤਾ ਜਾਵੇ ਤਾਂ ਕਿ ਨੌਜਵਾਨ ਜੋੜੇ ਪਰਵਾਰ ਸ਼ੁਰੂ ਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋਣ।

ਪਿਛਲੇ ਕੁਝ ਦਹਾਕਿਆਂ ਦੌਰਾਨ ਪਾਰਸੀ ਭਾਈਚਾਰੇ ਨੇ ਆਪਣੀ ਗਿਣਤੀ ਵਿੱਚ ਤੇਜ਼ ਗਿਰਾਵਟ ਦੇਖੀ ਹੈ- 2001 ਦੀ ਮਰਦਮ ਸ਼ੁਮਾਰੀ ਵਿੱਚ 91,266 ਤੇ ਹਾਲ ਹੀ ਵਿੱਚ ਮਰਦਮ ਸ਼ੁਮਾਰੀ ਵਿੱਚ 57,264 ਤੱਕ ਰਹਿ ਗਏ ਹਨ। ਇਸ ਦੇ ਕਾਰਨ ਹਨ ਦੇਰ ਨਾਲ ਵਿਆਹ ਕਰਾਉਣਾ, ਦੂਜੇ ਦੇਸ਼ ਵਿੱਚ ਚਲੇ ਜਾਣਾ ਅਤੇ ਸਭ ਤੋਂ ਵੱਡੀ ਸਮੱਸਿਆ ਹੈ ਕੁੱਲ ਜਨਮ ਦਰ ਦਾ ਘੱਟ ਹੋਣਾ, ਭਾਵ 0.88 ਬੱਚੇ ਪ੍ਰਤੀ ਜੋੜਾ ਹੋਣਾ। ਮੁਹਿੰਮ ਦੇ ਪਹਿਲੇ ਦੋ ਗੇੜ ਜਣੇਪੇ ਨੂੰ ਸਮਰਪਿਤ ਹਨ, ਜਿਸ ਹੇਠ ਪਾਰਸੀਆਂ ਨੂੰ ਛੇਤੀ ਵਿਆਹ ਕਰਾਉਣ, ਛੇਤੀ ਬੱਚੇ ਪੈਦਾ ਕਰਨ ਅਤੇ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਤ ਕੀਤਾ ਗਿਆ ਸੀ। ਯਕੀਨੀ ਤੌਰ 'ਤੇ ਪਹਿਲੇ ਗੇੜ ਦੀ ਔਰਤਾਂ ਨੂੰ ਕਰੀਅਰੀ ਦੀ ਬਜਾਏ ਮਾਤ੍ਰਤਵ ਨੂੰ ਤਰਜੀਹ ਦੇਣ ਲਈ ਪਿਛਾਂਹ ਖਿੱਚੂ ਅਤੇ ਲਿੰਗਿਕਵਾਦੀ ਹੋਣ ਕਰ ਕੇ ਕਾਫੀ ਆਲੋਚਨਾ ਹੋਈ। ਕਾਮਾ ਨੇ ਸਪੱਸ਼ਟ ਕੀਤਾ ਕਿ ਇਸ ਪਿੱਛੇ ਇਰਾਦਾ ਇਹ ਨਹੀਂ ਸੀ। ਪਹਿਲੇ ਗੇੜ ਵਿੱਚ ਉਨ੍ਹਾਂ ਨੇ ਅਜਿਹੇ ਜੋੜਿਆਂ ਅੱਗੇ ਤਜਵੀਜ ਰੱਖੀ, ਜੋ ਬੱਚੇ ਚਾਹੁੰਦੇ ਸਨ, ਪਰ 'ਆਰਟ' ਦਾ ਬਦਲ ਨਹੀਂ ਅਪਣਾ ਸਕਦੇ ਸਨ। ਸਰਕਾਰ ਨੇ ਦੂਜੇ ਗੇੜ ਵਿੱਚ ਉਨ੍ਹਾਂ ਨੂੰ ਕਿਰਾਏ ਦੀ ਕੁੱਖ ਦੇ ਬਦਲ ਦੀ ਇਜਾਜ਼ਤ ਦੇ ਦਿੱਤੀ। ਇਸ ਲਈ ਉਨ੍ਹਾਂ ਨੇ ਉਹ ਤਜਵੀਜ਼ ਵੀ ਰੱਖੀ। ਹੁਣ ਵਾਲਾ ਗੇੜ ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਨੂੰ ਲੈ ਕੇ ਹੈ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

Call for Free Estimates
A-1 RENOVATION
GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

## ਅਨਪੜ੍ਹ ਬਣ ਕੇ ਸੱਤ ਸਾਲ ਵੱਧ ਉਮਰ ਦਾ ਪਾਸਪੋਰਟ ਬਣਵਾਉਣ ਦਾ ਕੇਸ ਦਰਜ

*** ਕੈਨੇਡਾ ਵਿੱਚ ਪੈਨਸ਼ਨ ਲੈਣ ਲਈ ਹੇਰਾਫੇਰੀ ਕੀਤੀ ਫੜੀ ਗਈ**



ਮੋਗਾ, 7 ਜਨਵਰੀ (ਪੋਸਟ ਬਿਊਰੋ)- ਵਿਦੇਸ਼ ਵਿੱਚ (ਸ਼ਾਇਦ ਕੈਨੇਡਾ ਵਿੱਚ) ਪੈਨਸ਼ਨ ਲੈਣ ਲਈ ਅੱਠ ਜਮਾਤ ਤੱਕ ਪੜ੍ਹੇ ਵਿਅਕਤੀ ਵੱਲੋਂ ਆਪਣੇ ਆਪ ਨੂੰ ਅਨਪੜ੍ਹ ਦੱਸ ਕੇ ਅਤੇ ਉਮਰ ਦਾ ਸੱਤ ਸਾਲ ਦਾ ਵਾਧਾ ਕਰ ਕੇ ਪਾਸਪੋਰਟ ਬਣਵਾਉਣ ਉੱਤੇ ਨਿਹਾਲ ਸਿੰਘ ਵਾਲਾ ਪੁਲਸ ਵੱਲੋਂ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਸ਼ਿਕਾਇਤ ਕਰਤਾ ਸ਼ਿੰਦਰਪਾਲ ਸਿੰਘ ਸਾਬਕਾ ਸਰਪੰਚ ਵਾਸੀ ਰਣਸੀਂਹ ਖੁਰਦ ਨੇ ਦੱਸਿਆ ਕਿ ਉਸ ਨੇ ਆਪਣੇ ਭਰਾ ਵਿਰੁੱਧ ਗਲਤ ਦਸਤਾਵੇਜ਼ ਬਣਾ ਕੇ ਵਿਦੇਸ਼ ਜਾਣ ਸੰਬੰਧੀ ਸ਼ਿਕਾਇਤ ਐਸ ਐਸ ਪੀ ਮੋਗਾ ਨੂੰ ਦਿੱਤੀ ਸੀ, ਜਿਸ ਵਿੱਚ ਸਾਬਕਾ ਸਰਪੰਚ ਨੇ ਕਿਹਾ ਸੀ ਕਿ ਉਹ ਘਰੇਲੂ ਕੰਮਾਂ ਵਿੱਚ ਰੁੱਝਾ ਹੋਇਆ ਸੀ ਅਤੇ ਇਸ ਦੀ ਪੜਤਾਲ ਨਹੀਂ ਕਰਵਾ ਸਕਿਆ। ਸ਼ਿੰਦਰਪਾਲ ਸਿੰਘ ਨੇ ਪੜਤਾਲ ਲਈ ਬੇਨਤੀ ਕੀਤੀ ਕਿ ਉਸ ਦੇ ਭਰਾ ਗੁਰਮੇਲ ਸਿੰਘ ਨੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਧੋਖਾਧੜੀ ਕੀਤੀ ਹੈ, ਇਸ ਬਾਰੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕੇਸ ਦੀ ਜਾਂਚ ਕਰ ਰਹੇ ਥਾਣਾ ਨਿਹਾਲ ਸਿੰਘ ਵਾਲਾ ਦੇ ਇੰਸਪੈਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ ਐੱਸ ਪੀ ਇਨਵੈਸਟੀਗੇਸ਼ਨ ਮੋਗਾ ਵੱਲੋਂ ਪੜਤਾਲ ਪਿੱਛੋਂ ਐੱਸ ਐੱਸ ਪੀ ਗੁਲਨੀਤ ਸਿੰਘ ਦੇ ਹੁਕਮ ਨਾਲ ਕੇਸ ਦਰਜ ਕੀਤਾ ਹੈ ਕਿ ਦੋਸ਼ੀ ਨੇ ਖੁਦ ਨੂੰ ਅਨਪੜ੍ਹ ਦੱਸ ਕੇ ਗਲਤ ਜਨਮ ਤਰੀਕ 15 ਮਈ 1945 ਉੱਤੇ ਆਪਣਾ ਪਾਸਪੋਰਟ ਬਣਵਾ ਕੇ ਧੋਖਾ ਕੀਤਾ ਹੈ, ਜਦ ਕਿ ਉਹ ਅੱਠਵੀਂ ਕਲਾਸ ਤੱਕ ਪੜ੍ਹਦਾ ਰਿਹਾ ਸੀ, ਜਿੱਥੇ ਉਸ ਦੀ ਜਨਮ ਮਿਤੀ ਤਿੰਨ ਮਾਰਚ 1955 ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਦੇ ਭਰਾ ਸ਼ਿੰਦਰਪਾਲ ਸਿੰਘ, ਜੋ ਪਿੰਡ ਦਾ ਸਾਬਕਾ ਸਰਪੰਚ ਹੈ, ਦੇ ਬਿਆਨਾਂ ਉਤੇ ਪਾਸ-ਪੋਰਟ ਐਕਟ 1967 ਦਾ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੱਜਣ ਕੁਮਾਰ ਨੂੰ ਸਜ਼ਾ ਮਨਮੋਹਨ ਸਰਕਾਰ ਦੀ ਅਪੀਲ ਉਤੇ ਹੋਈ ਸੀ: ਤ੍ਰਿਪਤ ਬਾਜਵਾ



ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੱਜਣ ਕੁਮਾਰ ਨੂੰ ਹੋਈ ਉਮਰ ਕੈਦ ਦਾ ਸਿਹਰਾ ਆਪਣੇ ਸਿਰ ਲੈਣ ਨੂੰ ਕੋਰਾ ਝੂਠ, ਸੱਚਾਈ ਤੋਂ ਕੋਹਾਂ ਦੂਰ ਅਤੇ ਗੁਮਰਾਹ ਕਰਨ ਵਾਲਾ ਕਰਾਰ ਦਿੱਤਾ ਹੈ।

ਇਸ ਸੰਬੰਧ ਵਿੱਚ ਬਾਜਵਾ ਨੇ ਦੱਸਿਆ ਕਿ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਸੀ ਬੀ ਆਈ ਵੱਲੋਂ 30 ਅਪ੍ਰੈਲ 2013 ਨੂੰ ਹੇਠਲੀ ਅਦਾਲਤ ਵਿੱਚ ਉਸ ਦੇ ਬਰੀ ਹੋਣ ਦੇ ਫੈਸਲੇ ਦੇ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਕੀਤੀ ਅਪੀਲ ਉੱਤੇ ਹੋਈ ਹੈ। ਇੱਕ ਬਿਆਨ ਵਿੱਚ ਬਾਜਵਾ ਨੇ ਸਾਫ ਕੀਤਾ ਕਿ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕਾਂਗਰਸ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੀਆਂ ਕੋਸ਼ਿਸ਼ਾਂ ਕਾਰਨ ਹੀ ਸੱਜਣ ਕੁਮਾਰ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੁਖਬੀਰ ਸਿੰਘ ਬਾਦਲ ਦੇ ਇਸ ਦਾਅਵੇ ਵਿੱਚ ਸੱਚਾਈ ਨਹੀਂ ਕਿ ਸੱਜਣ ਕੁਮਾਰ ਨੂੰ ਸਜ਼ਾ ਮੋਦੀ ਸਰਕਾਰ ਦੀ 2015 ਵਿੱਚ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਵੱਲੋਂ ਬੰਦ ਕੀਤੇ ਕੇਸਾਂ ਨੂੰ ਫਿਰ ਖੋਲੇ ਜਾਣ ਦੇ ਨਤੀਜੇ ਵਜੋਂ ਹੋਈ ਹੈ, ਉਂਜ ਇਹ ਸੱਚ ਹੈ ਕਿ ਸੱਜਣ ਕੁਮਾਰ ਦੇ ਵਿਰੁੱਧ ਚੱਲਦੇ ਦੋ ਹੋਰ ਕੇਸ ਇਸ ਵਿਸ਼ੇਸ਼ ਜਾਂਚ ਟੀਮ ਵੱਲੋਂ ਫਿਰ ਖੋਲੇ ਗਏ ਹਨ। ਬਾਜਵਾ ਨੇ ਕਿਹਾ ਕਿ ਪ੍ਰਧਾਨ ਮਤਰੀ ਨੂੰ ਅਜਿਹੇ ਬਹੁਤ ਨਾਜ਼ੁਕ ਮਾਮਲੇ 'ਤੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਪਹਿਲਾਂ ਸਬੂਤਾਂ ਨੂੰ ਵੇਖਣਾ ਚਾਹੀਦਾ ਸੀ।

ਬਾਜਵਾ ਨੇ ਪ੍ਰਧਾਨ ਮੰਤਰੀ ਦੇ ਇਸ ਦਾਅਵੇ ਨੂੰ ਵੀ ਝੂਠਾ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਉਨ੍ਹਾਂ ਦੀ ਸਰਕਾਰ ਦੀ ਪ੍ਰਾਪਤੀ ਹੈ। ਉਨ੍ਹਾਂ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਭਾਰਤ-ਪਾਕਿਸਤਾਨ ਦੇ ਵਿੱਚ ਹੁੰਦੀ ਰਹੀ ਦੁਵੱਲੀ ਗੱਲਬਾਤ ਕਾਰਨ ਇਹ ਮੁੱਦਾ ਹਮੇਸ਼ਾ ਜ਼ੋਰਦਾਰ ਢੰਗ ਨਾਲ ਚੁੱਕਦੇ ਹਨ। ਉਨ੍ਹਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਇਹ ਮੁੱਦਾ ਫਰਵਰੀ 1999 ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਕੋਲ ਚੁੱਕਿਆ ਸੀ। ਉਨ੍ਹਾਂ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਈ ਬਣ ਰਿਹਾ ਲਾਂਘਾ ਦੇਸ਼ ਦੇ ਪਿਛਲੇ ਪ੍ਰਧਾਨ ਮੰਤਰੀਆਂ ਵੱਲੋਂ ਕੀਤੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਸਿੱਖ ਸੰਗਤ ਦੀਆਂ ਅਰਦਾਸਾਂ ਦੇ ਨਤੀਜੇ ਵਜੋਂ ਖੁੱਲ੍ਹਣ ਲੱਗਾ ਹੈ, ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਦਾ ਸਿਹਰਾ ਸਿਰਫ ਆਪਣੇ ਸਿਰ ਬੰਨਣ ਤੋਂ ਬਚਣਾ ਚਾਹੀਦਾ ਹੈ।

## ਖਹਿਰਾ ਦੀ ਵਿਧਾਇਕੀ ਦਾ ਫੈਸਲਾ ਸਪੀਕਰ ਉੱਤੇ ਨਿਰਭਰ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਤਾਂ ਸਵਾਲ ਉਠ ਰਿਹਾ ਹੈ ਕਿ ਆਮ ਆਦਮੀ ਪਾਰਟੀ ਨੂੰ ਛੱਡਣ ਪਿੱਛੋਂ ਖਹਿਰਾ ਦਾ ਵਿਧਾਇਕ ਦਾ ਅਹੁਦਾ ਬਚੇਗਾ ਜਾਂ ਨਹੀਂ? ਇਹ ਵੀ ਚਰਚਾ ਹੈ ਕਿ ਪਾਰਟੀ ਦੀ ਮੈਂਬਰੀ ਤੋਂ ਅਸਤੀਫਾ ਦੇਣ ਤੋਂ ਬਾਅਦ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਆਪਣੇ ਆਪ ਖਤਮ ਹੋ ਜਾਵੇਗੀ, ਪਰ ਅਜਿਹਾ ਨਹੀਂ ਹੈ।

ਵਿਧਾਨ ਸਭਾ ਨਿਯਮਾਂ ਮੁਤਾਬਕ ਕੋਈ ਵਿਧਾਇਕ ਜੇ ਆਪਣੀ ਪਾਰਟੀ ਤੋਂ ਅਸਤੀਫੇ ਦੇ ਦੇਵੇ ਤਾਂ ਉਸ ਦੀ ਵਿਧਾਨ ਸਭਾ ਵਿੱਚ ਮੈਂਬਰੀ ਨਹੀਂ ਰਹਿ ਸਕਦੀ, ਪਰ ਇਹ ਆਟੋਮੈਟਿਕ ਨਹੀਂ ਹੁੰਦੀ, ਸਗੋਂ ਇਸ ਲਈ ਇੱਕ ਪੂਰੀ ਪ੍ਰਕਿਰਿਆ ਦੀ ਪਾਲਣਾ ਕਰਨੀ ਹੁੰਦੀ ਹੈ। ਸਭ ਤੋਂ ਅਹਿਮ ਹੈ ਕਿ ਪਹਿਲਾਂ ਆਮ ਆਦਮੀ ਪਾਰਟੀ ਨੂੰ ਬਾਕਾਇਦਾ ਵਿਧਾਨ ਸਭਾ ਸਪੀਕਰ ਨੂੰ ਸੂਚਨਾ ਦੇਣੀ ਹੋਵੇਗੀ ਕਿ ਖਹਿਰਾ ਨੇ ਪਾਰਟੀ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਹੈ। ਫਿਰ ਸਪੀਕਰ ਵੱਲੋਂ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ ਜਿਸ ਵਿੱਚ ਖਹਿਰਾ ਵੱਲੋਂ ਪੱਖ ਜਾਨਣ ਦਾ ਬਦਲ ਵੀ ਹੈ ਤੇ ਸਪੀਕਰ ਦੇ ਅਧਿਕਾਰ ਖੇਤਰ ਵਿੱਚ ਇਹ ਵੀ ਹੈ ਕਿ ਉਹ ਖਹਿਰਾ ਦੀ ਮੈਂਬਰੀ ਖਤਮ ਕਰਨ ਦੇ ਫੈਸਲੇ ਨੂੰ ਕੁਝ ਸਮੇਂ ਲਈ ਲਟਕਾਈ ਰੱਖੇ।

ਇਸ ਹਾਲਤ ਵਿੱਚ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਜਾਂ ਨਾ ਕਰਨ ਦਾ ਫੈਸਲਾ ਸਪੀਕਰ ਕੋਲ ਹੈ। ਪਿਛਲੇ ਦਿਨੀਂ ਪਾਰਟੀ ਦੀ ਮੈਂਬਰੀ ਤੋਂ ਅਸਤੀਫਾ ਦੇਣ ਵਾਲੇ ਵਕੀਲ ਐਚ ਐਸ ਫੂਲਕਾ ਵੱਲੋਂ ਵਿਧਾਇਕ ਅਹੁਦੇ ਤੋਂ ਦਿੱਤਾ ਅਸਤੀਫਾ ਵੀ ਸਪੀਕਰ ਕੋਲ ਕਾਰਵਾਈ ਲਈ ਪੈਂਡਿੰਗ ਹੈ, ਜੇ ਖਹਿਰਾ ਤੇ ਫੂਲਕਾ ਦੋਵਾਂ ਦੇ ਅਸਤੀਫੇ ਮਨਜ਼ੂਰ ਹੋ ਜਾਣ ਤਾਂ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਗਿਣਤੀ 18 ਰਹਿ ਜਾਵੇਗੀ ਅਤੇ ਅਕਾਲੀ-ਭਾਜਪਾ ਪੱਖ ਦੀ

## ਸ਼੍ਰੋਮਣੀ ਕਮੇਟੀ ਤੋਂ ਕੈਲੰਡਰ ਵਿਵਾਦ ਹੱਲ ਨਹੀਂ ਕੀਤਾ ਜਾ ਸਕਿਆ



ਅੰਮ੍ਰਿਤਸਰ, 7 ਜਨਵਰੀ (ਪੋਸਟ ਬਿਊਰੋ)- ਨਾਨਕਸ਼ਾਹੀ ਕੈਲੰਡਰ ਵਿੱਚ ਗਈ ਸੋਧ ਮਗਰੋਂ ਗੁਰਪੁਰਬਾਂ ਦੀਆਂ ਤਰੀਕਾਂ ਬਾਰੇ ਸਿੱਖਾਂ ਵਿੱਚ ਪੈਦਾ ਹੋਈ ਦੁਬਿਧਾ ਦੌਰਾਨ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਤੱਕ ਸਿੱਖਾਂ ਨੂੰ ਕੈਲੰਡਰ ਮੁੱਦੇ 'ਤੇ ਇਕਜੁੱਟ ਕਰਨ ਵਿੱਚ ਸਫਲ ਨਹੀਂ ਹੋਈ।

ਦਸਵੇਂ ਗੁਰੂ ਸਾਹਿਬ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਦੁਬਿਧਾ ਵਿੱਚ ਫਸੀ ਸਿੱਖ ਸੰਗਤ ਵੱਲੋਂ ਇਸ ਵਰ੍ਹੇ ਮੁੜ ਕੇ ਇਹ ਗੁਰਪੁਰਬ ਦੋ ਵਾਰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ 2003 ਵਿੱਚ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਸੀ। ਇਸ ਕੈਲੰਡਰ ਵਿੱਚ ਵਧੇਰੇ ਗੁਰਪੁਰਬਾਂ ਅਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਪੱਕੀਆਂ ਨਿਰਧਾਰਤ ਕਰ ਦਿੱਤੀਆਂ ਗਈਆਂ ਸਨ। ਜਨਵਰੀ 2010 ਵਿੱਚ ਸ੍ਰੀ ਅਕਾਲ ਤਖਤ ਦੇ ਉਸ ਵੇਲੇ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਹੀ ਲਏ ਫੈਸਲੇ ਤੋਂ ਪੈਰ ਪਿਛਾਂਹ ਖਿੱਚਦਿਆਂ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕੀਤੀ ਸੀ। ਦੂਜੀ ਵਾਰ ਕੀਤੀ ਸੋਧ ਦੇ ਨਾਲ ਸਿੱਖਾਂ ਦੀ ਵੱਖਰੀ ਪਛਾਣ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਫਿਰ ਬਿਕਰਮੀ ਕੈਲੰਡਰ ਵਿੱਚ ਬਦਲ ਦਿੱਤਾ ਗਿਆ, ਜਿਸ ਨੂੰ ਸਿੱਖਾਂ ਦੇ ਇਕ ਹਿੱਸੇ ਨੇ ਰੱਦ ਕਰ ਦਿੱਤਾ। ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕੀਤੀ ਨੂੰ 9 ਵਰ੍ਹੇ ਬੀਤ ਚੁੱਕੇ ਹਨ, ਪਰ ਗੁਰਪੁਰਬਾਂ ਦੀਆਂ ਤਰੀਕਾਂ ਸਬੰਧੀ ਹਰ ਵਰ੍ਹੇ ਦੁਬਿਧਾ ਬਣੀ ਹੋਈ ਹੈ। ਇਹੀ ਕਾਰਨ ਹੈ ਕਿ ਪਿਛਲੇ 9 ਸਾਲਾਂ ਤੋਂ ਕਈ ਗੁਰਪੁਰਬ ਹਰ ਵਰ੍ਹੇ ਦੋ-ਦੋ ਵਾਰ ਮਨਾਏ ਜਾ ਰਹੇ ਹਨ। ਇਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੋਧੇ ਹੋਏ ਕੈਲੰਡਰ ਮੁਤਾਬਕ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਮਨਾਇਆ ਜਾਣਾ ਹੈ, ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਗੁਰਪੁਰਬ ਪੰਜ ਜਨਵਰੀ ਨੂੰ ਮਨਾਇਆ ਜਾ ਚੁੱਕਾ ਹੈ।

## ਗਾਂਧੀ ਦੀ ਮੌਤ ਵਾਲੇ ਦਿਨ ਵਾਲੀ ਤਰੀਕ ਪਾ ਕੇ ਡਾਕ ਟਿਕਟ ਜਾਰੀ ਕਰਵਾ ਦਿੱਤੀ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ ਦਾ ਪ੍ਰਸ਼ਾਸਨ ਮਹਾਤਮਾ ਗਾਂਧੀ ਦੀ ਯਾਦ 'ਚ ਇਸ ਵਾਰ 150ਵੀਂ ਜੈਅੰਤੀ ਮਨਾ ਰਿਹਾ ਹੈ। ਪ੍ਰਸ਼ਾਸਨ ਨੇ ਨਵੇਂ ਸਾਲ ਮੌਕੇ 'ਤੇ 2019 ਲਈ ਜਿਹੜੀ ਡਾਇਰੀ ਤੇ ਕੈਲੰਡਰ ਜਾਰੀ ਕੀਤੇ ਹਨ, ਉਨ੍ਹਾਂ 'ਚ ਗਾਂਧੀ ਜੀ ਦੀ ਯਾਦ 'ਚ ਕੇਂਦਰ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਡਾਕ ਟਿਕਟਾਂ ਆਦਿ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿੱਚ ਪਹਿਲੀ ਡਾਕ ਟਿਕਟ ਜਾਰੀ ਕਰਨ ਦੀ ਤਰੀਕ ਗਲਤ ਛਾਪੀ ਗਈ ਹੈ। ਪ੍ਰਸ਼ਾਸਨ ਨੇ ਆਪਣੀ ਡਾਇਰੀ ਤੇ ਕੈਲੰਡਰ ਦੇ ਪਹਿਲੇ ਸਫੇ 'ਤੇ ਗਾਂਧੀ ਜੀ 'ਤੇ ਪਹਿਲੀ ਡਾਕ ਟਿਕਟ ਜਾਰੀ ਕਰਨ ਦੀ ਤਰੀਕ 30 ਜਨਵਰੀ 1948 ਦਿਖਾਈ ਗਈ ਹੈ, ਜਦ ਕਿ ਇਸ ਦਿਨ ਮਹਾਤਮਾ ਗਾਂਧੀ ਦੀ ਮੌਤ ਹੋਈ ਸੀ।

ਵਰਨਣ ਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਕੇਂਦਰ ਸਰਕਾਰ ਦੇ ਅਧੀਨ ਹੈ ਅਤੇ ਇਥੋਂ ਦੀ ਹਰ ਕਾਰਜ ਯੋਜਨਾ ਦੀ ਘੋਖ ਕੇਂਦਰ ਸਰਕਾਰ ਵੱਲੋਂ ਕੀਤੀ ਜਾਂਦੀ ਹੈ। ਚੰਡੀਗੜ੍ਹ ਪ੍ਰਸ਼ਾਸਨ ਮਹਾਤਮਾ ਗਾਂਧੀ ਦੀ ਜੈਅੰਤੀ ਮਨਾਉਣ ਦੀ ਤਿਆਰੀ 'ਚ ਜਲਦਬਾਜ਼ੀ ਕਰ ਗਿਆ। ਭਾਰਤ ਦੀ ਸਰਕਾਰੀ ਵੈਬਸਾਈਟ ਤੋਂ ਲਈ ਗਈ ਜਾਣਕਾਰੀ ਮੁਤਾਬਕ ਗਾਂਧੀ ਜੀ ਉੱਤੇ ਭਾਰਤ 'ਚ ਪਹਿਲੀ ਡਾਕ ਟਿਕਟ ਉਨ੍ਹਾਂ ਦੀ 80ਵੀਂ ਜੈਅੰਤੀ (ਦੋ ਅਕਤੂਬਰ 1949) ਨੂੰ ਜਾਰੀ ਕੀਤੀ ਜਾਣੀ ਸੀ, 30 ਜਨਵਰੀ 1948 ਨੂੰ ਉਨ੍ਹਾਂ ਦੀ ਮੌਤ ਹੋਣ ਉੱਤੇ 15 ਅਗਸਤ 1948 ਨੂੰ ਆਜ਼ਾਦੀ ਦੀ ਪਹਿਲੀ ਵਰ੍ਹੇਗੰਢ 'ਤੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪਹਿਲੀ ਡਾਕ ਟਿਕਟ ਜਾਰੀ ਕੀਤੀ ਸੀ। ਇਸ ਉੱਤੇ ਜਾਰੀ ਕਰਨ ਦੀ ਤਰੀਕ ਦੋ ਅਕਤੂਬਰ 1949 ਪੈਣੀ ਸੀ, ਪਰ ਭਾਰਤ ਸਰਕਾਰ ਨੇ ਗਲਤੀ ਨਾਲ ਉਨ੍ਹਾਂ ਦੀ ਮੌਤ ਵਾਲੀ ਤਰੀਕ 30 ਜਨਵਰੀ 1948 ਛਾਪ ਦਿੱਤੀ ਸੀ। ਭਾਰਤ ਤੋਂ ਬਿਨਾਂ ਅਮਰੀਕਾ ਪਹਿਲਾ ਦੇਸ਼ ਸੀ, ਜਿਸ ਨੇ ਗਾਂਧੀ ਜੀ ਦੀ ਯਾਦ 'ਚ 26 ਜਨਵਰੀ 1961 ਨੂੰ ਡਾਕ ਟਿਕਟ ਜਾਰੀ ਕੀਤੀ ਸੀ। ਇਸ ਤੋਂ ਬਾਅਦ ਕਾਂਗੋ ਦੂਜਾ ਦੇਸ਼ ਸੀ, ਜਿਸ ਨੇ 1967 'ਚ ਡਾਕ ਟਿਕਟ ਜਾਰੀ ਕੀਤੀ ਸੀ।

## ਬੱਬਰ ਖਾਲਸਾ ਦਾ ਕਾਰਕੁਨ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ

ਐਸ ਏ ਐਸ ਨਗਰ , 7 ਜਨਵਰੀ (ਪੋਸਟ ਬਿਊਰੋ)- ਮੁਹਾਲੀ ਪੁਲਸ ਨੇ ਦਿੱਲੀ ਹਵਾਈ ਅੱਡੇ ਤੋਂ ਬੱਬਰ ਖਾਲਸਾ ਦੇ ਇੱਕ ਕਾਰਕੁਨ ਦਿਲਾਵਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੇ ਖਿਲਾਫ ਪਿਛਲੇ ਸਾਲ ਮੁਹਾਲੀ ਥਾਣੇ ਵਿੱਚ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ। ਦਿਲਾਵਰ ਸਿੰਘ ਉੱਤੇ ਖਾਲਿਸਤਾਨ ਪੱਖੀ ਸਰਗਰਮੀਆਂ ਦਾ ਦੋਸ਼ ਹੈ।

ਇਸ ਸੰਬੰਧ ਵਿੱਚ ਥਾਣਾ ਫੇਜ਼-1 ਦੇ ਇੰਚਾਰਜ ਗੁਰਬੰਤ ਸਿੰਘ ਨੇ ਦੱਸਿਆ ਕਿ ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਪਿੰਡ ਤਾਜਪੁਰ (ਰਾਏਕੋਟ) ਦੇ ਖਿਲਾਫ 29 ਮਈ 2017 ਨੂੰ ਦੇਸ਼ ਵਿਰੋਧੀ ਸਰਗਰਮੀਆਂ ਦਾ ਕੇਸ ਦਰਜ ਕੀਤਾ ਗਿਆ ਸੀ। ਉਸ ਨੂੰ ਪਿਛਲੇ ਦਿਨੀਂ ਸਾਊਦੀ ਅਰਬ ਦੀ ਸਰਕਾਰ ਨੇ ਡਿਪੋਰਟ ਕਰਕੇ ਵਾਪਸ ਭਾਰਤ ਭੇਜਿਆ ਸੀ ਤੇ ਕੱਲ੍ਹ ਦਿੱਲੀ ਹਵਾਈ ਅੱਡੇ ਉੱਤੇ ਗ੍ਰਿਫਤਾਰ ਕਰ ਲਿਆ ਗਿਆ ਹੈ। ਥਾਣਾ ਮੁਖੀ ਦੇ ਮੁਤਾਬਕ ਦਿਲਾਵਰ ਸਿੰਘ ਨੇ ਬੱਬਰ ਖਾਲਸਾ ਨਾਲ ਸਬੰਧਤ ਲੋਕਾਂ ਨੂੰ ਮਾਰੂ ਹਥਿਆਰ ਖਰੀਦਣ ਲਈ ਫੰਡ ਦਿੱਤੇ ਸਨ ਅਤੇ ਉਹ ਪਾਕਿਸਤਾਨ ਵਿੱਚ ਬੈਠੇ ਖਾੜਕੂਆਂ ਦੇ ਲਗਾਤਾਰ ਸੰਪਰਕ ਵਿੱਚ ਰਿਹਾ ਸੀ। ਦੱਸਿਆ ਗਿਆ ਹੈ ਕਿ ਦਿਲਾਵਰ ਸਿੰਘ ਸਾਲ 2010 ਤੋਂ ਸਾਊਦੀ ਅਰਬ ਵਿੱਚ ਰਹਿ ਰਿਹਾ ਸੀ ਅਤੇ ਮੁਹਾਲੀ ਪੁਲਸ ਵੱਲੋਂ ਉਸ ਦੇ ਖਿਲਾਫ ਰੈਡ ਕਾਰਨਰ ਨੋਟਿਸ ਜਾਰੀ ਕਰਾਉਣ ਪਿੱਛੋਂ ਉਥੋਂ ਦੀ ਸਰਕਾਰ ਨੇ ਦਿਲਾਵਰ ਨੂੰ ਗ੍ਰਿਫਤਾਰ ਕਰ ਲਿਆ ਤੇ ਉਹ ਪਿਛਲੇ ਅੱਠ ਮਹੀਨਿਆਂ ਤੋਂ ਸਾਊਦੀ ਅਰਬ ਦੀ ਜੇਲ੍ਹ ਵਿੱਚ ਸੀ। ਪਤਾ ਲੱਗਾ ਹੈ ਕਿ ਦਿਲਾਵਰ ਸਿੰਘ ਦੇ ਸਾਥੀਆਂ ਨੇ 2017 ਵਿੱਚ ਅੰਮ੍ਰਿਤਸਰ ਤੇ ਆਲਮਗੀਰ ਵਿੱਚ ਮੀਟਿੰਗ ਕਰਕੇ ਸਿੱਖ ਕਤਲੇਆਮ ਦੇ ਦੋਸ਼ੀਆਂ ਅਤੇ ਸੀਨੀਅਰ ਕਾਂਗਰਸ ਆਗੂਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਤੇ ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ।

## ਹਰਿਆਣੇ ਦਾ ਅਕਾਲੀ ਵਿਧਾਇਕ ਬਲਕੌਰ ਸਿੰਘ ਵੀ ਬਾਦਲ ਦਲ ਨੂੰ ਛੱਡ ਗਿਆ

*** ਜਨਨਾਇਕ ਜਨਤਾ ਪਾਰਟੀ ਵਿੱਚ ਸ਼ਾਮਲ**



ਕਾਲਾਂਵਾਲੀ, 7 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਕੱਲ੍ਹ ਓਦੋਂ ਵੱਡਾ ਝਟਕਾ ਲੱਗਾ ਜਦੋਂ ਉਸ ਦੇ ਹਰਿਆਣਾ ਵਿੱਚ ਇਕਲੌਤੇ ਵਿਧਾਇਕ ਬਲਕੌਰ ਸਿੰਘ ਅਕਾਲੀ ਦਲ ਬਾਦਲ ਨੂੰ ਛੱਡਿਆ ਤੇ ਹਰਿਆਣਾ ਵਿੱਚ ਪਿੱਛੇ ਜਿਹੇ ਬਣੀ ਨਵੀਂ ਪਾਰਟੀ ਜਨਨਾਇਕ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ।

ਜਨਨਾਇਕ ਜਨਤਾ ਪਾਰਟੀ ਦੇ ਬਾਨੀ ਡਾ. ਅਜੈ ਸਿੰਘ ਚੌਟਾਲਾ ਨੇ ਕੱਲ੍ਹ ਬਲਕੌਰ ਸਿੰਘ ਦੇ ਘਰ ਪਾਰਟੀ ਝੰਡਾ ਭੇਟ ਕਰਕੇ ਪਾਰਟੀ ਵਿੱਚ ਸ਼ਾਮਲ ਕੀਤਾ। ਚੌਟਾਲਾ ਨੇ ਕਿਹਾ ਕਿ ਉਨ੍ਹਾਂ ਨੇ ਚੌਧਰੀ ਦੇਵੀ ਲਾਲ ਦੀਆਂ ਨੀਤੀਆਂ ਅਤੇ ਸੋਚ ਬਾਰੇ ਜਨਨਾਇਕ ਜਨਤਾ ਪਾਰਟੀ ਬਣਾਈ ਹੈ। ਇਹ ਪਾਰਟੀ ਲੋਕ ਹਿੱਤ ਵਾਸਤੇ ਕੰਮ ਕਰੇਗੀ ਕਿਉਂਕਿ ਉਨ੍ਹਾਂ ਦਾ ਮਕਸਦ ਸਾਫ ਸੁਥਰੀ ਰਾਜਨੀਤੀ ਕਰਨਾ ਹੈ। ਉਨ੍ਹਾਂ ਕਿਹਾ ਕਿ ਕਾਲਾਂਵਾਲੀ ਹਲਕੇ ਵਿੱਚ ਬਲਕੌਰ ਸਿੰਘ ਦੇ ਇਸ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਦੀ ਪਾਰਟੀ ਮਜ਼ਬੂਤ ਹੋਈ ਤੇ ਇਸ ਨਵੀਂ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਤਿੰਨ ਤੋਂ ਚਾਰ ਹੋ ਗਈ ਹੈ। ਜ਼ਿਕਰ ਯੋਗ ਹੈ ਕਿ ਵਿਧਾਇਕ ਬਲਕੌਰ ਸਿੰਘ ਨੇ ਪਿਛਲੀ ਚੋਣ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਟਿਕਟ 'ਤੇ ਲੜੀ ਸੀ ਅਤੇ ਇਸ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਇਨੈਲੋ ਨਾਲ ਗੱਠਜੋੜ ਕੀਤਾ ਸੀ।

## ਪਹਿਲੀ ਵਾਰ ਮਹਿਲਾ ਜਵਾਨਾਂ ਲਈ ਫੁਲ ਬਾਡੀ ਪ੍ਰੋਟੈਕਟਰ ਬਣਾਏ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਸੁਰੱਖਿਆ ਫੋਰਸਾਂ ਵਿੱਚ ਤੈਨਾਤ ਔਰਤਾਂ ਨੂੰ ਹੁਣ ਤੋਂ ਬਚਾਉਣ ਦੇ ਲਈ ਪਹਿਲੀ ਵਾਰ ਫੁੱਲ ਬਾਡੀ ਪ੍ਰੋਟੈਕਟਰ ਬਣਾਏ ਗਏ ਹਨ। ਅਜੇ ਤੱਕ ਉਹ ਲੋੜ ਪੈਣ ਉੱਤੇ ਪੁਰਸ਼ਾਂ ਵਾਲੇ ਬਾਡੀ ਪ੍ਰੋਟੈਕਟਰ ਪਹਿਨ ਲੈਂਦੀਆਂ ਸਨ। ਨਵੇਂ ਕਵਚ ਦੀ ਬਨਾਵਟ ਉਨ੍ਹਾਂ ਦੇ ਸਰੀਰ ਦੇ ਹਿਸਾਬ ਨਾਲ ਆਰਾਮਦੇਹ ਹੈ।

ਰੱਖਿਆ ਯੋਜਨਾ ਅਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਦੀ ਡਿਫੈਂਸ ਇੰਸਟੀਚਿਊਟ ਆਫ ਫਿਜ਼ਿਓਲਾਜੀ ਐਂਡ ਅਲਾਇਡ ਸਾਇੰਸਿਜ਼ (ਦਿਪਾਸ) ਲੈਬ ਨੇ ਇਹ ਬਾਡੀ ਪ੍ਰੋਟੈਕਟਰ ਬਣਾਇਆ ਹੈ। ਰੈਪਿਡ ਐਕਸ਼ਨ ਫੋਰਸ (ਆਰ ਏ ਐਫ) ਅਜੇ ਇਸ ਦਾ ਟਰਾਇਲ ਕਰ ਰਹੀ ਹੈ ਅਤੇ ਪੇਟੈਂਟ ਮਿਲਣ ਦੇ ਬਾਅਦ ਜਲਦੀ ਹੀ ਇਸ ਦਾ ਉਦਯੋਗਿਕ ਉਤਪਾਦਨ ਦੇ ਲਈ ਤਕਨੀਕੀ ਤਬਾਦਲਾ ਕੀਤਾ ਜਾਏਗਾ। ਪਹਿਲਾਂ ਮਹਿਲਾ ਜਵਾਨਾਂ ਨੂੰ ਖਤਰੇ ਵਾਲੇ ਇਲਾਕੇ ਵਿੱਚ ਨਹੀਂ ਭੇਜਿਆ ਜਾਂਦਾ ਸੀ, ਇਸ ਲਈ ਇਸ ਦੀ ਜ਼ਰੂਰਤ ਨਹੀਂ ਮਹਿਸੂਸ ਕੀਤੀ ਗਈ।




## ਭਾਜਪਾ ਦੀ ਕੇਂਦਰੀ ਸਿਆਸਤ ਵਿੱਚ ਵਿਜੇ ਸਾਂਪਲਾ ਹੋਰ ਮਜ਼ਬੂਤ ਹੋ ਗਿਆ

*** ਨਵੀਂਆਂ ਤਿੰਨ ਕਮੇਟੀਆਂ ਵਿੱਚ ਪੰਜਾਬ ਤੋਂ ਇੱਕ ਐਮ ਪੀ ਸਾਂਪਲਾ**



ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਕੇਂਦਰੀ ਰਾਜ ਮੰਤਰੀ ਅਤੇ ਹੁਸ਼ਿਆਰਪੁਰ ਤੋਂ ਪਾਰਲੀਮੈਂਟ ਮੈਂਬਰ ਵਿਜੇ ਸਾਂਪਲਾ ਕੇਂਦਰ ਦੀ ਭਾਜਪਾ ਸਿਆਸਤ ਵਿੱਚ ਹੋਰ ਮਜ਼ਬੂਤ ਹੋ ਗਏ ਹਨ। ਕੱਲ੍ਹ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਤਿੰਨ ਕਮੇਟੀਆਂ ਬਣਾਈਆਂ ਤਾਂ ਇਨ੍ਹਾਂ ਵਿੱਚੋਂ ਇੱਕ ਕਮੇਟੀ ਵਿੱਚ ਵਿਜੇ ਸਾਂਪਲਾ ਨੂੰ ਵੀ ਮੈਂਬਰ ਲਿਆ ਗਿਆ ਹੈ। ਸਾਂਪਲਾ ਪੰਜਾਬ ਦੇ ਇੱਕੋ ਇੱਕ ਅਜਿਹੇ ਨੇਤਾ ਹਨ ਜਿਨ੍ਹਾਂ ਨੂੰ ਤਿੰਨ ਕਮੇਟੀਆਂ ਵਿੱਚੋਂ ਇੱਕ ਦਾ ਮੈਂਬਰ ਲਿਆ ਹੈ। ਇਹ ਕਮੇਟੀ ਸਮਾਜਕ ਸਵੈਸੇਵੀ ਸੰਗਠਨ ਸੰਪਰਕ ਕਮੇਟੀ ਹੈ ਅਤੇ ਇਸ ਦਾ ਪ੍ਰਧਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਬਣਾਇਆ ਹੈ।

ਇਸ ਦੇ ਇਲਾਵਾ ਇੱਕ ਪ੍ਰਚਾਰ-ਪ੍ਰਸਾਰ ਕਮੇਟੀ ਬਣਾਈ ਹੈ, ਜਿਸ ਦਾ ਪ੍ਰਧਾਨ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਅਤੇ ਤੀਸਰੀ ਸੰਕਲਪ ਪੱਤਰ ਕਮੇਟੀ ਦਾ ਪ੍ਰਧਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਬਣਾਇਆ ਗਿਆ ਹੈ। ਇਹ ਕਮੇਟੀਆਂ ਭਾਜਪਾ ਦੀ ਮਜ਼ਬੂਤੀ ਲਈ ਲੋਕਾਂ ਨਾਲ ਸੰਪਰਕ ਕਰਨਗੀਆਂ। ਵਿਜੇ ਸਾਂਪਲਾ ਨੂੰ ਸਮਾਜ ਸਵੈਸੇਵੀ ਸੰਗਠਨ ਸੰਪਰਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਇਹ ਕਮੇਟੀ ਦੇਸ਼ ਵਿੱਚ ਸਮਾਜਕ ਸੰਗਠਨਾਂ, ਧਾਰਮਿਕ ਸੰਗਠਨਾਂ ਅਤੇ ਹੋਰ ਜਿੰਨੇ ਵੀ ਸੰਗਠਨ ਸਮਾਜ ਲਈ ਕੰਮ ਕਰਦੇ ਹਨ, ਉਨ੍ਹਾਂ ਨਾਲ ਸੰਪਰਕ ਕਰੇਗੀ ਅਤੇ ਭਾਜਪਾ ਨਾਲ ਉਨ੍ਹਾਂ ਨੂੰ ਜੋੜਨ ਦਾ ਕੰਮ ਕਰੇਗੀ। ਅਗਲੀਆਂ ਲੋਕ ਸਭਾ ਚੋਣਾਂ ਕਾਰਨ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਇਹ ਕਮੇਟੀਆਂ ਬਣਾਈਆਂ ਹਨ। ਇਸ ਕਮੇਟੀ ਵਿੱਚ 14 ਮੈਂਬਰਾਂ ਨੂੰ ਲਿਆ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਵਿਜੇ ਸਾਂਪਲਾ ਹਨ। ਖਾਸ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਹੀ ਕਮੇਟੀਆਂ ਵਿੱਚ ਪੰਜਾਬ ਤੋਂ ਕਿਸੇ ਹੋਰ ਨੇਤਾ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-677-9292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



# ਲੰਡਨ ਵਿੱਚ ਹੇਰਾਫੇਰੀ ਦੇ ਪੈਸੇ ਨਾਲ ਖਰੀਦੇ ਗਏ ਫਲੈਟ ਦੇ ਅਸਲ ਮਾਲਕ ਹਨ ਰਾਬਰਟ ਵਾਡਰਾ: ਈ ਡੀ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਦੇ ਖਿਲਾਫ ਮਨੀ ਲਾਂਡਰਿੰਗ ਦੇ ਕੇਸ ਵਿੱਚ ਚੱਲਦੀ ਜਾਂਚ ਵਿੱਚ ਗੰਭੀਰ ਮੋੜ ਆਇਆ ਹੈ।



ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਦਿੱਲੀ ਕੋਰਟ ਨੂੰ ਦੱਸਿਆ ਕਿ ਰਾਬਰਟ ਵਾਡਰਾ ਲੰਡਨ ਵਿੱਚ ਇੱਕ ਫਲੈਟ ਦੇ ਵਰਚੁਅਲ ਆਨਰ (ਕਿਸੇ ਜਾਇਦਾਦ ਅਧਿਕਾਰਕ ਮਾਲਕ ਨਾ ਹੁੰਦੇ ਹੋਏ ਵੀ ਉਸ 'ਤੇ ਆਪਣੇ ਮਾਲਿਕਾਨਾ ਹੱਕ ਹੋਣ ਦਾ ਜ਼ਿਕਰ ਕਰਨਾ) ਹਨ, ਜਿਸ ਦੀ ਕੀਮਤ 16 ਕਰੋੜ 80 ਲੱਖ ਰੁਪਏ ਤੋਂ ਵੱਧ ਹੈ। ਵਾਡਰਾ ਦੇ ਕਰੀਬੀ ਮਨੋਜ ਅਰੋੜਾ ਦੇ ਖਿਲਾਫ ਈ ਡੀ ਨੇ ਗੈਰ-ਜ਼ਮਾਨਤੀ ਵਾਰੰਟ ਬਾਰੇ ਕੱਲ੍ਹ ਅਰਵਿੰਦ ਕੁਮਾਰ ਦੀ ਸਪੈਸ਼ਲ ਕੋਰਟ ਨੂੰ ਪਹੁੰਚੀ ਕੀਤੀ ਹੈ। ਈ ਡੀ ਦੀ ਰੇਡ ਦੇ ਬਾਅਦ ਤੋਂ ਮਨੋਜ ਅਰੋੜਾ ਫਰਾਰ ਹਨ। ਈ ਡੀ ਦਾ ਦਾਅਵਾ ਹੈ ਕਿ ਲੰਡਨ ਦੀ ਪ੍ਰਾਪਰਟੀ ਨੂੰ ਮਨੀ ਲਾਂਡਰਿੰਗ ਦੇ ਪੈਸੇ ਨਾਲ ਖਰੀਦਿਆ ਗਿਆ ਹੈ। ਏਜੰਸੀ ਦਾ ਦਾਅਵਾ ਹੈ ਕਿ ਮਨੋਜ ਅਰੋੜਾ ਇਸ ਲੈਣ-ਦੇਣ ਦਾ ਪੁਰਜ਼ਾ ਹੈ, ਜੋ ਇਸ ਟ੍ਰਾਂਜੈਕਸ਼ਨ ਬਾਰੇ ਸਭ ਕੁਝ ਜਾਣਦਾ ਹੈ। ਏਜੰਸੀ ਨੇ ਕੋਰਟ ਵਿੱਚ ਕਿਹਾ ਕਿ ਇਹ ਫਲੈਟ ਭਗੌੜੇ ਡਿਫੈਂਸ ਡੀਲਰ ਸੰਜੇ ਭੰਡਾਰੀ ਨੇ 16 ਕਰੋੜ 80 ਲੱਖ ਰੁਪਏ ਦਾ ਖਰੀਦਿਆ ਸੀ ਤੇ ਵਾਡਰਾ ਦੇ ਕੰਟਰੋਲ ਵਾਲੀ ਫਰਮ ਨੇ ਇਸੇ ਕੀਮਤ 'ਤੇ ਭੰਡਾਰੀ ਤੋਂ ਇਸ ਨੂੰ ਖਰੀਦਿਆ ਸੀ। ਭੰਡਾਰੀ ਦੇ ਖਿਲਾਫ ਆਫੀਸ਼ੀਅਲ ਸੀਕ੍ਰੇਟਸ ਐਕਟ ਹੇਠ 2016 ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਹ ਵੀ ਸ਼ੱਕ ਹੈ ਕਿ ਭੰਡਾਰੀ ਨੇਪਾਲ ਦੇ ਰਾਹੀਂ ਦੇਸ਼ ਛੱਡਣ ਗਿਆ ਹੈ। ਇਸ ਪਿੱਛੋਂ ਇਨਕਮ ਟੈਕਸ ਵਿਭਾਗ ਨੇ ਭੰਡਾਰੀ ਦੀ ਦਿੱਲੀ ਅਤੇ ਗੁੜਗਾਓਂ ਦੀ ਪ੍ਰਾਪਰਟੀ ਨੂੰ ਜ਼ਬਤ ਕਰ ਲਿਆ ਸੀ, ਪਰ ਉਸ ਦੇ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ। ਅਰੋੜਾ ਵੀ ਦਿੱਲੀ ਅਤੇ ਬੰਗਲੌਰ ਵਿੱਚ ਉਸ ਦੀਆਂ ਜਾਇਦਾਦਾਂ ਉੱਤੇ ਈ ਡੀ ਦੀ ਰੇਡ ਦੇ ਬਾਅਦ ਫਰਾਰ ਹੈ। ਇਹ ਰੇਡ ਰਾਬਰਟ ਵਾਡਰਾ ਦੇ ਖਿਲਾਫ ਬਲੈਕ ਮਨੀ ਐਕਟ ਹੇਠ ਕੀਤੀ ਗਈ ਸੀ। ਅਰੋੜਾ ਦੇ ਖਿਲਾਫ ਗੈਰ ਜ਼ਮਾਨਤੀ ਵਾਰੰਟ ਦੀ ਮੰਗ ਕਰਦੇ ਹੋਏ ਈ ਡੀ ਨੇ ਕੋਰਟ ਨੂੰ ਦੱਸਿਆ ਕਿ ਕਈ ਵਾਰ ਸੱਦਣ ਦੇ ਬਾਅਦ ਵੀ ਅਰੋੜਾ ਪੁੱਛਗਿੱਛ ਵਾਸਤੇ ਨਹੀਂ ਆਇਆ। ਈ ਡੀ ਨੇ ਕਿਹਾ ਕਿ ਅਰੋੜਾ ਤੋਂ ਪੁੱਛਗਿੱਛ ਜ਼ਰੂਰੀ ਹੈ, ਕਿਉਂਕਿ ਰਾਬਰਟ ਵਾਡਰਾ ਦੇ ਖਿਲਾਫ ਕਈ ਕਿਸਮ ਦੇ ਲੈਣ-ਦੇਣ ਦੀ ਜਾਣਕਾਰੀ ਸਿਰਫ ਉਹ ਹੀ ਰੱਖਦਾ ਹੈ।

# ਭਾਜਪਾ ਦੇ ਕੇਂਦਰੀ ਮੰਤਰੀ ਵੱਲੋਂ ਇੰਦਰਾ ਗਾਂਧੀ ਦੀਆਂ ਸਿਫਤਾਂ

## * ਇੰਦਰਾ ਨੇ ਰਾਖਵਾਂਕਰਨ ਦੇ ਬਿਨਾਂ ਖੁਦ ਨੂੰ ਸਾਬਤ ਕੀਤਾ: ਗਡਕਰੀ

ਨਾਗਪੁਰ, 7 ਜਨਵਰੀ (ਪੋਸਟ ਬਿਊਰੋ)- ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਆਪਣੀ ਸਮਰੱਥਾ ਸਾਬਤ ਕਰਨ ਲਈ ਕਿਸੇ ਰਾਖਵੇਂਕਰਨ ਦੀ ਲੋੜ ਨਹੀਂ ਪਈ ਤੇ ਉਨ੍ਹਾਂ ਨੇ ਕਾਂਗਰਸ ਦੇ ਆਪਣੇ ਸਮੇਂ ਦੇ ਪੁਰਸ਼ ਨੇਤਾਵਾਂ ਤੋਂ ਚੰਗਾ ਕੰਮ ਕੀਤਾ। ਗਡਕਰੀ ਨੇ ਕਿਹਾ ਕਿ ਮਹਿਲਾ ਰਾਖਵਾਂਕਰਨ ਦੇ ਉਹ ਵਿਰੋਧੀ ਨਹੀਂ, ਪਰ ਧਰਮ ਅਤੇ ਜਾਤੀ ਆਧਾਰਤ ਰਾਜਨੀਤੀ ਦੇ ਖਿਲਾਫ ਹਨ।



ਵਰਨਣ ਯੋਗ ਹੈ ਕਿ ਦੇਸ਼ 'ਚ ਐਮਰਜੈਂਸੀ ਲਾਉਣ ਲਈ ਭਾਜਪਾ ਹਮੇਸ਼ਾ ਤੋਂ ਇੰਦਰਾ ਗਾਂਧੀ ਦੀ ਆਲੋਚਨਾ ਕਰਦੀ ਰਹੀ ਹੈ। ਅੱਜ ਨਿਤਿਨ ਗਡਕਰੀ ਨੇ ਕਿਹਾ, 'ਇੰਦਰਾ ਗਾਂਧੀ ਨੇ ਆਪਣੀ ਪਾਰਟੀ ਵਿੱਚ ਸਨਮਾਨਤ ਪੁਰਸ਼ ਨੇਤਾਵਾਂ ਵਿਚਾਲੇ ਆਪਣੀ ਸ਼ਕਤੀ ਸਾਬਤ ਕਰ ਵਿਖਾਈ ਸੀ।' ਗਡਕਰੀ ਨੇ ਭਾਰਤੀ ਜਨਤਾ ਪਾਰਟੀ ਦੀਆਂ ਮਹਿਲਾ ਨੇਤਾ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ, ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਅਤੇ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਦੀ ਵੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਸਭ ਨੇ ਰਾਜਨੀਤੀ 'ਚ ਚੰਗਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ, 'ਮੈਂ ਔਰਤਾਂ ਦੇ ਰਾਖਵੇਂਕਰਨ ਦੇ ਖਿਲਾਫ ਨਹੀਂ, ਔਰਤਾਂ ਨੂੰ ਰਾਖਵਾਂਕਰਨ ਮਿਲਣਾ ਚਾਹੀਦਾ ਹੈ, ਮੈਂ ਇਸ ਦੇ ਵਿਰੁੱਧ ਨਹੀਂ।' ਉਨ੍ਹਾਂ ਕਿਹਾ ਕਿ ਉਹ ਧਰਮ ਤੇ ਜਾਤੀ ਆਧਾਰਤ ਰਾਜਨੀਤੀ ਦੇ ਖਿਲਾਫ ਹਨ। ਵਿਅਕਤੀ ਆਪਣੇ ਗਿਆਨ ਦੇ ਆਸਰੇ ਅੱਗੇ ਵਧਦਾ ਹੈ, ਭਾਸ਼ਾ, ਜਾਤੀ, ਧਰਮ ਜਾਂ ਖੇਤਰ ਕਾਰਨ ਨਹੀਂ। ਉਨ੍ਹਾਂ ਕਿਹਾ, 'ਕੋਈ ਵੀ ਆਪਣੇ ਗਿਆਨ ਉਤੇ ਤਰੱਕੀ ਕਰਦਾ ਹੈ।

## ਰਸਗੁੱਲੇ ਤੇ ਕਾਜੂ ਕਤਲੀ ਵਿੱਚ ਐਕਸਪੋਰਟ ਦੇ ਪੱਖੋਂ ਮਿੱਠੀ ਦੌੜ

ਇੰਦੌਰ, 7 ਜਨਵਰੀ (ਪੋਸਟ ਬਿਊਰੋ)- ਭਾਰਤੀ ਮਠਿਆਈਆਂ ਦੇ ਕਰੀਬ 8000 ਕਰੋੜ ਰੁਪਏ ਦੇ ਐਕਸਪੋਰਟ ਬਾਜ਼ਾਰ ਵਿੱਚ ਰਸਗੁੱਲੇ ਦੇ ਪੁਰਾਣੇ ਦਬਦਬੇ ਨੂੰ ਕਾਜੂ ਕਤਲੀ ਤੋਂ ਸਖਤ ਚੁਣੌਤੀ ਮਿਲ ਰਹੀ ਹੈ।

ਇਸ ਖੇਤਰ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇਸ਼ਾਂ ਵਿੱਚ ਕਾਜੂ ਕਤਲੀ ਦੀ ਮੰਗ ਤੇਜ਼ੀ ਨਾਲ ਵੱਧ ਰਹੀ ਹੈ, ਜਿੱਥੇ ਵੱਡੀ ਗਿਣਤੀ ਵਿੱਚ ਭਾਰਤੀ ਲੋਕ ਹਨ। ਫੈਡਰੇਸ਼ਨ ਆਫ ਸਵੀਟਸ ਐਂਡ ਨਮਕੀਨ ਮੈਨੂਫੈਕਚਰਜ਼ ਦੇ ਡਾਇਰੈਕਟਰ ਫਿਰੋਜ਼ ਐਚ ਨਕਵੀ ਨੇ ਦੱਸਿਆ ਕਿ ਇੱਕ ਅੰਦਾਜ਼ੇ ਮੁਤਾਬਕ ਅਜੇ ਹਰ ਸਾਲ ਭਾਰਤ ਤੋਂ ਕਰੀਬ 8000 ਕਰੋੜ ਰੁਪਏ ਮੁੱਲ ਦੀਆਂ ਮਠਿਆਈਆਂ ਦੀ ਐਕਸਪੋਰਟ ਹੁੰਦੀ ਹੈ। ਇਸ ਬਾਜ਼ਾਰ ਵਿੱਚ 15 ਤੋਂ 20 ਫੀਸਦੀ ਹਿੱਸਾ ਸਿਰਫ ਰਸਗੁੱਲੇ ਦਾ ਹੈ। ਭਾਰਤੀ ਮਠਿਆਈਆਂ ਦੇ ਐਕਸਪੋਰਟ ਬਾਜ਼ਾਰ ਵਿੱਚ ਕਾਜੂ ਕਤਲੀ ਦੀ ਮੌਜੂਦਾ ਹਿੱਸੇਦਾਰੀ ਸਿਰਫ ਪੰਜ ਫੀਸਦੀ ਦੇ ਨੇੜੇ ਹੈ, ਪਰ ਇਸ ਮਠਿਆਈ ਦੀ ਮੰਗ ਖਾਸ ਕਰ ਕੇ ਉਨ੍ਹਾਂ ਦੇਸ਼ਾਂ ਵਿੱਚ ਦਿਨੋ-ਦਿਨ ਵਧ ਰਹੀ ਹੈ, ਜਿੱਥੇ ਭਾਰਤੀ ਮੂਲ ਦੇ ਲੋਕ ਵੱਡੀ ਗਿਣਤੀ ਵਿੱਚ ਹਨ। ਉਨ੍ਹਾਂ ਕਿਹਾ ਕਿ ਜੇ ਵਿਦੇਸ਼ਾਂ 'ਚ ਕਾਜੂ ਕਤਲੀ ਦੀ ਚੰਗੀ ਤਰ੍ਹਾਂ ਬ੍ਰਾਂਡਿੰਗ ਕੀਤੀ ਜਾਵੇ ਤਾਂ ਆਉਂਦੇ ਸਾਲਾਂ ਵਿੱਚ ਇਸ ਦੀ ਮੰਗ ਰਸਗੁੱਲੇ ਨੂੰ ਪਿੱਛੇ ਛੱਡ ਸਕਦੀ ਹੈ।

## ਜਸ਼ਨ ਵਿੱਚ ਪਿਤਾ ਵੱਲੋਂ ਚਲਾਈ ਗੋਲੀ ਨਾਲ ਪੁੱਤਰ ਦੀ ਮੌਤ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਦਿੱਲੀ ਦੇ ਨਿਊ ਉਸਮਾਨਪੁਰ ਵਿੱਚ 42 ਸਾਲਾ ਵਿਅਕਤੀ ਨੇ ਜਸ਼ਨ ਵਿਚ ਗੋਲੀ ਚਲਾਈ ਤਾਂ ਉਸ ਦੇ ਆਪਣੇ ਨਾਬਾਲਗ ਬੱਚੇ ਨੂੰ ਜਾ ਲੱਗੀ ਅਤੇ ਉਸ ਦੀ ਮੌਤ ਹੋ ਗਈ। ਪੁਲਸ ਦੇ ਮੁਤਾਬਕ ਦੋਸ਼ੀ ਦੀ ਪਛਾਣ ਯਾਸੀਨ ਵਜੋਂ ਹੋਈ ਹੈ। ਜਨਤਾ ਦਲ ਯੂਨਾਈਟਿਡ ਦੇ ਸਾਬਕਾ ਵਿਧਾਇਕ ਰਾਜੂ ਸਿੰਘ ਵੱਲੋਂ ਨਵੇਂ ਸਾਲ ਤੋਂ ਪਹਿਲੀ ਸ਼ਾਮ ਨੂੰ ਫਤਿਹਪੁਰ ਵਿਚਲੇ ਫਾਰਮ ਹਾਊਸ ਵਿੱਚ ਜਸ਼ਨ ਵਿੱਚ ਕੀਤੀ ਹਵਾਏ ਫਾਇਰ ਵਿੱਚ ਇੱਕ ਔਰਤ ਦੀ ਮੌਤ ਹੋਣ ਦੇ ਕੁਝ ਦਿਨਾਂ ਪਿੱਛੋਂ ਇਹ ਘਟਨਾ ਵਾਪਰ ਗਈ ਹੈ। ਪੁਲਸ ਨੇ ਦੱਸਿਆ ਕਿ 31 ਦਸੰਬਰ ਨੂੰ ਨਿਊ ਉਸਮਾਨਪੁਰ ਥਾਣੇ ਨੂੰ ਇੱਕ ਵਿਅਕਤੀ ਨੂੰ ਗੋਲੀ ਵੱਜਣ ਦੀ ਘਟਨਾ ਦੀ ਜਾਣਕਾਰੀ ਮਿਲੀ ਸੀ। ਜਸ਼ਨ ਵਿੱਚ ਕੀਤੀ ਗੋਲੀਬਾਰੀ ਵਿੱਚ ਅੱਠ ਸਾਲਾ ਬੱਚੇ ਰੇਹਾਨ ਦੀ ਗੱਲ੍ਹ ਉੱਤੇ ਗੋਲੀ ਵੱਜੀ ਤਾਂ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਂਚ ਵੇਲੇ ਪਤਾ ਲੱਗਾ ਕਿ ਮ੍ਰਿਤਕ ਦੇ ਪਿਤਾ ਯਾਸੀਨ ਨੇ ਗੋਲੀ ਚਲਾਈ ਸੀ। ਯਾਸੀਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਭਾਜਪਾ ਐੱਮ ਪੀ ਨੇ ਕਿਹਾ:

## ਤਨਖਾਹ ਨਾਲ ਖਰਚ ਨਹੀਂ ਚੱਲਦਾ, ਚੋਰੀ ਕਰਨੀ ਹੀ ਪਵੇਗੀ

ਬਸਤੀ, 7 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਕਹਿੰਦੇ ਹਨ ਕਿ ਨਾ ਖਾਵਾਂਗਾ ਅਤੇ ਨਾ ਖਾਣ ਦੇਵਾਂਗਾ। ਉਨ੍ਹਾਂ ਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਉਲਟ ਚੱਲਦੇ ਹਨ। ਮੱਧ ਪ੍ਰਦੇਸ਼ ਬਸਤੀ ਤੋਂ ਨੌਜਵਾਨ ਪਾਰਲੀਮੈਂਟ ਮੈਂਬਰ ਹਰੀਸ਼ ਦਿਵੇਦੀ ਦਾ ਕਹਿਣਾ ਹੈ ਕਿ ਤਨਖਾਹ ਨਾਲ ਕੋਈ ਪਾਰਲੀਮੈਂਟ ਮੈਂਬਰ ਤੇ ਮੰਤਰੀ ਆਪਣਾ ਚੋਣ ਖੇਤਰ ਨਹੀਂ ਚਲਾ ਸਕਦਾ। ਜੇ ਚੋਣ ਖੇਤਰ 'ਚ ਕੁਝ ਕਰਨਾ ਹੈ ਤਾਂ ਇਸ ਦੇ ਲਈ ਚੋਰੀ ਕਰਨੀ ਪਵੇਗੀ।



ਮਿਲੀ ਜਾਣਕਾਰੀ ਅਨੁਸਾਰ ਬਸਤੀ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਹਰੀਸ਼ ਦਿਵੇਦੀ ਨੇ ਆਪਣੀ ਤਨਖਾਹ ਦੇ ਬਾਰੇ ਕਿਹਾ ਕਿ ਪਾਰਲੀਮੈਂਟ ਮੈਂਬਰ ਤੋਂ ਵੱਧ ਤਨਖਾਹ ਪ੍ਰਾਈਮਰੀ ਸਕੂਲ ਦਾ ਟੀਚਰ ਲੈਂਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਪੰਚਾਇਤ ਹਾਲ 'ਚ ਸੰਮੇਲਨ ਵਿੱਚ ਕਿਹਾ ਕਿ ਨੇਤਾਵਾਂ ਨੂੰ ਮੌਜੂਦਾ ਵਿਵਸਥਾ 'ਚ ਕਮੀ ਦੇ ਕਾਰਨ ਚੋਰੀ ਕਰਨੀ ਪੈਂਦੀ ਹੈ। ਉਨ੍ਹਾਂ ਮੰਤਰੀਆਂ, ਸਿਆਸਤਦਾਨਾਂ ਦੇ ਖਰਚ ਬਾਰੇ ਕਿਹਾ ਕਿ ਤਨਖਾਹ ਨਾਲ ਕੋਈ ਪਾਰਲੀਮੈਂਟ ਮੈਂਬਰ, ਮੰਤਰੀ ਆਪਣਾ ਚੋਣ ਖੇਤਰ ਨਹੀਂ ਚਲਾ ਸਕਦਾ। ਉਸ ਨੂੰ ਧਨ ਪ੍ਰਾਪਤੀ ਦੇ ਹੋਰ ਰਾਹ ਲੱਭਣੇ ਪੈਂਦੇ ਹਨ। ਉਸ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਨੂੰ ਕੰਮ ਠੀਕ ਕਰਨ ਲਈ ਘੱਟੋ-ਘੱਟ 12 ਮੁਲਾਜ਼ਮਾਂ ਦੀ ਲੋੜ ਹੈ, ਪਰ ਤਨਖਾਹ ਪ੍ਰਾਈਮਰੀ ਟੀਚਰ ਤੋਂ ਘੱਟ ਹੈ, ਚੋਰੀ ਕਰਨੀ ਪਵੇਗੀ।

ਅਸਲ ਵਿੱਚ ਪਾਰਲੀਮੈਂਟ ਮੈਂਬਰ ਹਰੀਸ਼ ਦਿਵੇਦੀ ਨੂੰ ਇਕ ਨੌਜਵਾਨ ਨੇ ਕਿਹਾ ਕਿ ਖੇਤਰ 'ਚ ਤੁਸੀਂ ਬਿਹਤਰ ਕੰਮ ਕਿਵੇਂ ਕਰੋਗੇ ਤਾਂ ਦਿਵੇਦੀ ਨੇ ਦੋ ਟੁੱਕ ਜਵਾਬ ਦਿੱਤਾ ਕਿ ਤੁਸੀਂ ਸਾਡੇ ਕੋਲ ਆਣ ਕੇ ਕਹੋਗੇ ਕਿ ਐੱਮ ਪੀ ਜੀ ਪੱਤਰ ਲਿਖ ਦਿਓ, ਜੇ ਅਸੀਂ ਕਹੀਏ ਕਿ ਜਾ ਕੇ ਟਾਈਪ ਕਰਵਾ ਲਿਆਓ, ਤੁਸੀਂ ਕੀ ਕਹੋਗੇ? ਸਾਨੂੰ ਟਾਈਪਿਸਟ ਦੀ ਲੋੜ ਹੈ, ਪਾਣੀ ਪਿਆਉਣ ਵਾਲਾ, ਖਾਣਾ ਬਣਾਉਣ ਵਾਲਾ ਰੱਖਣਾ ਪੈਣਾ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਐੱਮ ਪੀ, ਵਿਧਾਇਕ, ਮੰਤਰੀ ਚੋਰੀ ਨਾ ਕਰੇ ਤਾਂ ਉਸ ਦੀਆਂ ਸਹੂਲਤਾਂ ਵਧਾਓ। ਤੁਸੀਂ ਸਾਡੀ ਮਜਬੂਰੀ ਸਮਝੋ। ਸਿਰਫ਼ ਤੁਹਾਡੀ ਹੀ ਮਜਬੂਰੀ ਨਹੀਂ।

## ਸਰਕਾਰੀ ਬੈਂਕਾਂ ਨੂੰ ਮੁਲਾਜ਼ਮਾਂ ਦੀ ਕਮੀ ਲਈ ਤਿਆਰ ਰਹਿਣ ਲਈ ਕਹਿ ਦਿੱਤਾ ਗਿਆ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਸਰਕਾਰੀ ਖੇਤਰ ਦੇ ਬੈਂਕਾਂ ਨੂੰ ਨੇੜ ਭਵਿੱਖ ਵਿੱਚ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਦੇ ਸੇਵਾਮੁਕਤ ਹੋਣ ਕਾਰਨ ਸਟਾਫ ਦੀ ਕਮੀ ਨਾਲ ਨਜਿੱਠਣ ਲਈ ਜੂਨੀਅਰ ਅਤੇ ਮਿਡਲ ਅਹੁਦਿਆਂ 'ਤੇ ਤੇਜ਼ੀ ਨਾਲ ਨਵੀਆਂ ਨਿਯੁਕਤੀਆਂ ਕਰਨ ਦੀ ਲੋੜ ਪੈ ਸਕਦੀ ਹੈ।




ਇਸ ਸੰਬੰਧ ਵਿੱਚ ਪਾਰਲੀਮੈਂਟ ਦੀ ਇੱਕ ਕਮੇਟੀ ਨੇ ਇੱਕ ਰਿਪੋਰਟ ਵਿੱਚ ਇਹ ਗੱਲ ਕਹੀ ਹੈ। ਸਰਕਾਰੀ ਬੈਂਕਾਂ ਵਿੱਚ ਜਨਰਲ ਮੈਨੇਜਰ ਪੱਧਰ ਦੇ 95 ਫੀਸਦੀ, ਡਿਪਟੀ ਜਨਰਲ ਮੈਨੇਜਰ ਪੱਧਰ ਦੇ 75 ਫੀਸਦੀ ਤੇ ਐਡੀਸ਼ਨਲ ਜਨਰਲ ਮੈਨੇਜਰ ਪੱਧਰ ਦੇ 58 ਫੀਸਦੀ ਮੁਲਾਜ਼ਮ 2019-20 ਵਿੱਚ ਸੇਵਾਮੁਕਤ ਹੋਣ ਵਾਲੇ ਹਨ। ਵਿੱਤੀ ਮਾਮਲਿਆਂ ਦੀ ਸਥਾਈ ਕਮੇਟੀ ਨੇ ਬੈਂਕਿੰਗ ਕਾਰਪੋਰੇਟ ਚੋਣ ਸੰਸਥਾ ਦੇ ਅੰਕੜਿਆਂ ਦੇ ਆਧਾਰ ਉੱਤੇ ਪਾਇਆ ਹੈ ਕਿ ਸਰਕਾਰੀ ਬੈਂਕਾਂ ਦੇ ਕਲਰਕ, ਪ੍ਰੋਬੇਸ਼ਨਰੀ ਅਫਸਰ ਅਤੇ ਸਪੈਸ਼ਲ ਅਫਸਰ ਦੇ ਅਹੁਦੇ ਉੱਤੇ ਨਵੇਂ ਲੋਕਾਂ ਦੀ ਨਿਯੁਕਤੀ ਲਈ ਉਮੀਦਵਾਰਾਂ ਦੀ ਗਿਣਤੀ ਵਿੱਚ ਗਿਰਾਵਟ ਦਿੱਸ ਰਹੀ ਹੈ। ਕਾਂਗਰਸ ਦੇ ਸੀਨੀਅਰ ਨੇਤਾ ਐੱਮ ਵੀਰੱਪਾ ਮੋਇਲੀ ਦੀ ਅਗਵਾਈ ਵਾਲੀ ਇਸ ਕਮੇਟੀ ਨੇ ਪਿਛਲੇ ਹਫਤੇ ਪਾਰਲੀਮੈਂਟ ਵਿੱਚ ਪੇਸ਼ ਕੀਤੀ ਰਿਪੋਰਟ 'ਚ ਕਿਹਾ, ਬੈਂਕਾਂ ਵੱਲੋਂ ਨਿਯੁਕਤੀਆਂ 'ਚ ਕਮੀ ਕਰਨਾ ਵੀ ਇੱਕ ਫੈਕਟਰ ਹੈ, ਪਰ ਬਿਨਾਂ ਕਿਸੇ ਇਨੀਸ਼ੀਏਟਿਵ ਦੇ ਉਲਟ ਹਾਲਾਤ ਵਿੱਚ ਲੰਮੇ ਸਮੇਂ ਤੱਕ ਕੰਮ ਕਰਨ ਦੀ ਵਚਨਬੱਧਤਾ ਨਾਲ ਵੀ ਉਮੀਦਵਾਰ ਨਿਰਾਸ਼ ਹੋ ਰਹੇ ਹਨ। ਕਮੇਟੀ ਨੇ ਸ਼ੱਕ ਪ੍ਰਗਟ ਕੀਤਾ ਕਿ ਸਰਕਾਰੀ ਬੈਂਕਾਂ 'ਚ ਨੇੜ ਭਵਿੱਖ ਵਿੱਚ ਭਾਰੀ ਗਿਣਤੀ 'ਚ ਲੋਕਾਂ ਦੇ ਸੇਵਾਮੁਕਤ ਹੋਣ ਨਾਲ ਵੱਖ-ਵੱਖ ਪੱਧਰਾਂ 'ਤੇ ਅਚਾਨਕ ਲੋਕਾਂ ਦੀ ਕਮੀ ਹੋ ਸਕਦੀ ਹੈ।

## ਲਾਲ ਬਹਾਦੁਰ ਸ਼ਾਸਤਰੀ ਦੀ ਮੌਤ ਬਾਰੇ ਵੀ ਬਣ ਰਹੀ ਹੈ ਫਿਲਮ

ਬੰਗਲੌਰ, 7 ਜਨਵਰੀ (ਪੋਸਟ ਬਿਊਰੋ)- ਇਸ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਫਿਲਮ 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' ਦੇ ਵਿਵਾਦਤ ਟਰੇਲਰ ਦੇ ਰਿਲੀਜ਼ ਪਿੱਛੋਂ ਇੱਕ ਹੋਰ ਫਿਲਮ ਦਾ ਵਿਵਾਦ ਖੜਾ ਹੋ ਸਕਦਾ ਹੈ।



ਮਿਲੀ ਜਾਣਕਾਰੀ ਅਨੁਸਾਰ 'ਦ ਤਾਸ਼ਕੰਦ ਫਾਈਲਜ਼' ਨਾਂਅ ਵਾਲੀ ਫਿਲਮ ਰੂਸ ਵਿੱਚ ਦੇਸ਼ ਦੇ ਦੂਜੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਭੇਦਭਰੀ ਮੌਤ ਬਾਰੇ ਹੈ। ਇਸ ਫਿਲਮ ਦੇ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਅਤੇ ਜਾਰਜ ਫਰਨਾਂਡੀਜ਼ ਵਰਗੇ ਆਗੂਆਂ ਸਮੇਤ ਕਈ ਲੋਕਾਂ ਨੇ ਸ਼ਾਸਤਰੀ ਦੀ ਮੌਤ ਦੇ ਰਹੱਸ ਨੂੰ ਜ਼ਾਹਰ ਕਰਨ ਦੀ ਲੋੜ ਬਾਰੇ ਵਿਚਾਰ ਪ੍ਰਗਟਾਏ ਸਨ, ਜਿਸ ਪਿੱਛੋਂ ਉਨ੍ਹਾਂ ਇਹ ਫਿਲਮ ਬਣਾਉਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਕਿਹਾ ਕਿ 10 ਜਨਵਰੀ 1966 ਨੂੰ ਲਾਲ ਬਹਾਦਰ ਸ਼ਾਸਤਰੀ ਨੇ ਤਾਸ਼ਕੰਦ ਸਮਝੌਤੇ 'ਤੇ ਦਸਖਤ ਕੀਤੇ ਸਨ ਤੇ ਕੁਝ ਹੀ ਘੰਟੇ ਬਾਅਦ ਉਨ੍ਹਾਂ ਦੀ ਮੌਤ ਹੋ ਗਈ ਸੀ। ਸ਼ਾਸਤਰੀ ਦੇ ਪਰਵਾਰ ਨੇ ਵੇਲੇ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਗੁਲਜਾਰੀ ਲਾਲ ਨੰਦਾ ਨੂੰ ਪੋਸਟਮ-ਾਰਟਮ ਕਰਾਉਣ ਦੀ ਬੇਨਤੀ ਕੀਤੀ ਸੀ, ਪਰ ਉਨ੍ਹਾਂ ਨੇ ਧਿਆਨ ਨਹੀਂ ਸੀ ਦਿੱਤਾ। ਉਨ੍ਹਾਂ ਦੇ ਪਰਵਾਰ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੂੰ ਵੀ ਬੇਨਤੀ ਕੀਤੀ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੀ ਸੁਣੀ। ਅਗਨੀਹੋਤਰੀ ਨੇ ਕਿਹਾ ਇਹ ਅਜੀਬ ਗੱਲ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਕੋਲ ਸ਼ਾਸਤਰੀ ਦੀ ਮੌਤ ਦੇ ਰਹੱਸ ਨੂੰ ਲੱਭਣ ਲਈ ਕੋਈ ਜਾਣਕਾਰੀ ਅਤੇ ਦਸਤਾਵੇਜ਼ ਹੀ ਨਹੀਂ।

## ਸਰਕਾਰ ਵੱਲੋਂ ਸਿਰਫ ਚਾਲੀ ਘੰਟੇ ਕੰਮ ਦੇ ਬਿਆਨ ਦਾ ਡਾਕਟਰਾਂ ਵੱਲੋਂ ਵਿਰੋਧ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਡਾਕਟਰੀ ਭਾਈਚਾਰੇ ਨੇ ਕੇਂਦਰ ਸਰਕਾਰ ਦੇ ਉਸ ਐਲਾਨ ਦਾ ਵਿਰੋਧ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜ਼ਿਆਦਾਤਰ ਡਾਕਟਰ ਹਫਤੇ ਵਿੱਚ 40 ਘੰਟੇ ਕੰਮ ਕਰਦੇ ਹਨ। ਉਨ੍ਹਾ ਦਾ ਦਾਅਵਾ ਹੈ ਕਿ ਅਕਸਰ ਉਨ੍ਹਾਂ ਨੂੰ ਹਫਤੇ ਵਿੱਚ 100 ਘੰਟੇ ਤੱਕ ਕੰਮ ਕਰਨਾ ਪੈਂਦਾ ਹੈ। ਵਰਨਣ ਯੋਗ ਹੈ ਕਿ ਸਿਹਤ ਰਾਜ ਮੰਤਰੀ ਅਸ਼ਵਨੀ ਕੁਮਾਰ ਚੌਬੇ ਨੇ ਪਿਛਲੇ ਦਿਨੀਂ ਲੋਕ ਸਭਾ ਵਿੱਚ ਕਿਹਾ ਸੀ ਕਿ ਦਿੱਲੀ ਵਿੱਚ ਕੇਂਦਰ



ਸਰਕਾਰ ਦੇ ਕੰਟਰੋਲ ਵਾਲੇ ਰਾਮ ਮਨੋਹਰ ਲੋਹੀਆ ਹਸਪਤਾਲ, ਸਫਦਰਜੰਗ ਹਸਪਤਾਲ ਅਤੇ ਲੇਡੀ ਹਾਰਡਿੰਗ ਮੈਡੀਕਲ ਕਾਲਜ ਤੇ ਹਸਪਤਾਲ ਅਤੇ ਹੋਰ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਡਾਕਟਰੀ ਕਰਮਚਾਰੀਆਂ ਦਾ ਕੰਮ ਸਮਾਂ ਆਮ ਤੌਰ ਉੱਤੇ ਇਕ ਹਫਤੇ ਵਿੱਚ 40 ਘੰਟੇ ਤੋਂ ਜ਼ਿਆਦਾ ਨਹੀਂ ਹੁੰਦਾ। ਇਕ ਸਵਾਲ ਦਾ ਜਵਾਬ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ਡਾਕਟਰਾਂ ਤੇ ਡਾਕਟਰੀ ਪੇਸ਼ੇਵਰਾਂ ਦੀ ਡਿਊਟੀ ਦਾ ਸਮਾਂ ਅਤੇ ਕੰਮ ਦੇ ਘੰਟ ਉਨ੍ਹਾਂ ਦੇ ਕੰਮ ਦੀ ਲੋੜ ਅਨੁਸਾਰ ਤੈਅ ਹੁੰਦੇ ਹਨ ਅਤੇ ਇਸ ਦੇ ਇਲਾਵਾ ਉਨ੍ਹਾਂ ਦੀ ਐਮਰਜੈਂਸੀ ਡਿਊਟੀ 'ਤੇ ਵੀ ਇਹ ਘੰਟੇ ਨਿਰਭਰ ਕਰਦੇ ਹਨ। ਏਮਸ ਦੇ ਇਕ ਸੀਨੀਅਰ ਰੈਜ਼ੀਡੈਂਟ ਡਾਕਟਰ ਨੇ ਇਸ ਬਾਰੇ ਕਿਹਾ ਕਿ ਮਰੀਜ਼ਾਂ ਦੀ ਭੀੜ ਅਤੇ ਡਾਕਟਰਾਂ ਦੀ ਕਮੀ ਕਾਰਨ ਕੇਂਦਰ ਸਰਕਾਰ ਦੇ ਕੰਟਰੋਲ ਵਾਲੇ ਹਸਪਤਾਲਾਂ ਵਿੱਚ ਡਾਕਟਰ ਅਕਸਰ ਹਫਤੇ ਵਿੱਚ 100-120 ਘੰਟੇ ਵੀ ਕੰਮ ਕਰਦੇ ਹਨ।

## ਏਅਰਪੋਰਟ ਵਾਂਗ ਸੁਰੱਖਿਆ ਜਾਂਚ ਲਈ ਰੇਲਵੇ ਸਟੇਸ਼ਨ ਉਤੇ 20 ਮਿੰਟ ਪਹਿਲਾਂ ਜਾਣਾ ਪਵੇਗਾ



ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਏਅਰਪੋਰਟ ਵਾਂਗ ਰੇਲਵੇ ਸਟੇਸ਼ਨਾਂ ਉੱਤੇ ਟਰੇਨ ਚੱਲਣ ਤੋਂ ਕੁਝ ਸਮਾਂ ਪਹਿਲਾਂ ਦਾਖਲਾ ਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਲਈ ਸੁਰੱਖਿਆ ਜਾਂਚ ਲਈ ਯਾਤਰੀਆਂ ਨੂੰ ਟਰੇਨ ਚੱਲਣ ਦੇ ਸਮੇਂ ਤੋਂ 20 ਮਿੰਟ ਪਹਿਲਾ ਪਹੁੰਚਣਾ ਹੋਵੇਗਾ। ਇਸ ਬਾਰੇ ਰੇਲਵੇ ਪਰੋਟੈਕਸ਼ਨ ਫੋਰਸ ਦੇ ਡਿਪਟੀ ਡਾਇਰੈਕਟਰ ਅਰੁਣ ਕੁਮਾਰ ਨੇ ਦੱਸਿਆ ਕਿ ਉਚ ਤਕਨੀਕ ਵਾਲੀ ਇਹ ਸੁਰੱਖਿਆ ਯੋਜਨਾ ਇਸੇ ਮਹੀਨੇ ਸ਼ੁਰੂ ਹੋ ਰਹੇ ਕੁੰਭ ਮੇਲੇ ਦੇ ਕਾਰਨ ਇਲਾਹਾਬਾਦ ਅਤੇ ਕਰਨਾਟਕ ਦੇ ਹੁਬਲੀ ਰੇਲਵੇ ਸਟੇਸ਼ਨ ਉੱਤੇ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਕੁੱਲ 202 ਰੇਲਵੇ ਸਟੇਸ਼ਨਾਂ 'ਤੇ ਯੋਜਨਾ ਨੂੰ ਲਾਗੂ ਕਰਨ ਲਈ ਖਾਕਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ, 'ਰੇਲਵੇ ਸਟੇਸ਼ਨਾਂ ਨੂੰ ਸੀਲ ਕਰਨ ਦੀ ਸੋਚ ਹੈ। ਇਹ ਮੇਨ ਐਂਟਰੀ ਗੇਟ ਦੀ ਪਛਾਣ ਕਰਨ ਅਤੇ ਕਿੰਨੇ ਐਂਟਰੀ ਗੇਟ ਨੂੰ ਬੰਦ ਰੱਖਿਆ ਜਾ ਸਕਦਾ ਹੈ, ਇਹ ਤੈਅ ਕਰਨ ਦੇ ਬਾਰੇ ਹੈ। ਕੁਝ ਇਲਾਕਿਆਂ ਨੂੰ ਪੱਕੀ ਚਾਰ ਦੀਵਾਰੀ ਬਣਾ ਕੇ ਬੰਦ ਕੀਤਾ ਜਾਵੇਗਾ। ਹੋਰ ਦਾਖਲਾ ਗੇਟਾਂ ਉੱਤੇ ਆਰ ਪੀ ਐਫ ਕਰਮਚਾਰੀਆਂ ਦੀ ਤੈਨਾਤੀ ਹੋਵੇਗੀ। ਇਸ ਦੇ ਬਾਅਦ ਬਾਕੀ ਜਗ੍ਹਾ ਬੰਦ ਹੋ ਸਕਣ ਵਾਲੇ ਗੇਟ ਹੋਣਗੇ।'

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਫਗਾਨਿਸਤਾਨ ਵਿੱਚ ਸੋਨੇ ਦੀ ਖਾਣ ਢੱਠਣ ਨਾਲ 40 ਮੌਤਾਂ

ਕੁੰਡੂਜ਼, 7 ਜਨਵਰੀ (ਪੋਸਟ ਬਿਊਰੋ)- ਉਤਰ ਪੂਰਬੀ ਅਫਗਾਨਿਸਤਾਨ ਵਿੱਚ ਸੋਨੇ ਦੀ ਖਾਣ ਢੱਠਣ ਨਾਲ 40 ਲੋਕਾਂ ਦੀ ਮੌਤ ਦੀ ਖਬਰ ਹੈ। ਬਦਕਸ਼ਾਂ ਸੂਬੇ ਦੇ ਕੋਹਿ-ਸਤਾਨ ਜ਼ਿਲੇ 'ਚ ਵਾਪਰੇ ਇਸ ਹਾਦਸੇ 'ਚ 10 ਲੋਕ ਜ਼ਖਮੀ ਹੋਏ ਹਨ।



ਇਸ ਬਾਰੇ ਜ਼ਿਲਾ ਗਵਰਨਰ ਮੁਹੰਮਦ ਰੁਸਤਮ ਰਾਘੀ ਨੇ ਦੱਸਿਆ ਕਿ ਪਿੰਡ ਦੇ ਲੋਕ ਸੋਨਾ ਲੱਭਣ ਲਈ ਇਕ ਨਦੀ ਦੀ ਸਤਾ ਵਿੱਚ 60 ਮੀਟਰ ਡੂੰਘੀ ਸ਼ਾਫਟ ਪੁੱਟ ਰਹੇ ਸਨ ਤਾਂ ਉਸੇ ਵੇਲੇ ਖਾਣ ਦੀਆਂ ਬਾਹਰੀ ਕੰਧਾਂ ਸ਼ਾਫਟ ਵਿੱਚ ਕੰਮ ਕਰ ਰਹੇ ਲੋਕਾਂ 'ਤੇ ਡਿੱਗ ਜਾਣ ਕਾਰਨ ਉਹ ਇਸ ਹੇਠ ਦੱਬੇ ਗਏ। ਰਾਘੀ ਨੇ ਦੱਸਿਆ ਕਿ ਜਿਸ ਵੇਲੇ ਨਦੀ ਦੇ ਕਿਨਾਰੇ ਢਹਿ ਰਹੇ ਸਨ, ਓਦੋਂ ਇਹ ਲੋਕ ਨਦੀ 'ਚ ਖੁਦਾਈ ਕਰਨ ਵਾਲੀ ਮਸ਼ੀਨ ਦੀ ਮਦਦ ਨਾਲ ਵੱਡਾ ਸੁਰਾਖ ਕਰ ਰਹੇ ਸਨ, ਜਿਸ ਨਾਲ ਦਰਜਨਾਂ ਵਰਕਰ ਦੱਬੇ ਗਏ। ਸੂਬਾ ਗਵਰਨਰ ਦੇ ਬੁਲਾਰੇ ਨਿਕ ਮੁਹੰਮਦ ਨਜ਼ਰੀ ਨੇ ਦੱਸਿਆ ਕਿ ਇਸ ਹਾਦਸੇ 'ਚ 40 ਲੋਕ ਮਾਰੇ ਗਏ ਅਤੇ 10 ਜ਼ਖਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਇਹ ਪਤਾ ਨਹੀਂ ਲੱਗਾ ਕਿ ਸ਼ਾਫਟ ਕਿਵੇਂ ਢਹੀ, ਪਰ ਖੁਦਾਈ ਕਰਨ ਵਾਲੇ ਲੋਕ ਪੇਸ਼ੇਵਰ ਨਹੀਂ ਸਨ। ਨਜ਼ਰੀ ਨੇ ਦੱਸਿਆ ਕਿ ਏਦਾਂ ਦਾ ਕੰਮ ਇਹ ਲੋਕ ਕਈ ਦਹਾਕਿਆਂ ਤੋਂ ਕਰ ਰਹੇ ਸਨ, ਜਿਸ ਉੱਤੇ ਸਰਕਾਰ ਦਾ ਕੰਟਰੋਲ ਨਹੀਂ। ਬਦਕਸ਼ਾਂ ਸੂਬਾ ਉਤਰ ਪੂਰਬੀ ਅਫਗਾਨਿਸਤਾਨ ਦਾ ਸੂਬਾ ਹੈ, ਜਿਹੜਾ ਤਾਜਿਕਿਸਤਾਨ, ਚੀਨ ਤੇ ਪਾਕਿਸਤਾਨ ਦੀ ਸਰਹੱਦ ਨਾਲ ਜੁੜਿਆ ਹੋਇਆ ਹੈ।

## ਭਾਰਤੀ ਰਿਜ਼ਰਵ ਬੈਂਕ ਨੂੰ ਨੇਪਾਲ ਦਾ ਪੱਤਰ, ਨਵੇਂ ਨੋਟਾਂ ਨੂੰ ਲੀਗਲ ਟੈਂਡਰ ਐਲਾਨ ਕਰੋ

ਕਾਠਮੰਡੂ, 7 ਜਨਵਰੀ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਨੂੰ ਨੇਪਾਲ ਸਰਕਾਰ ਨੇ ਅਪੀਲ ਕੀਤੀ ਹੈ ਕਿ ਭਾਰਤ ਵਿੱਚ ਜਾਰੀ ਕੀਤੇ ਗਏ 100 ਰੁਪਏ ਤੋਂ ਵੱਧ ਮੁੱਲ ਦੇ ਨਵੇਂ ਕਰੰਸੀ ਨੋਟਾਂ ਨੂੰ ਨੇਪਾਲ ਵਿੱਚ ਵੀ ਲੀਗਲ ਟੈਂਡਰ ਐਲਾਨ ਕਰ ਦਿੱਤਾ ਜਾਵੇ। ਇਹ ਗੱਲ ਕੱਲ੍ਹ ਨੇਪਾਲ ਦੀ ਮੀਡੀਆ ਵਿੱਚ ਕਹੀ ਗਈ ਹੈ।



ਹਿਮਾਲੀਅਨ ਟਾਈਮਸ ਦੀ ਰਿਪੋਰਟ ਮੁਤਾਬਕ ਨੇਪਾਲ ਰਾਸ਼ਟਰੀ ਬੈਂਕ (ਐਨ ਆਰ ਬੀ) ਨੇ ਕੱਲ੍ਹ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਪੱਤਰ ਲਿਖ ਕੇ 200 ਰੁਪਏ, 500 ਰੁਪਏ ਅਤੇ 2000 ਰੁਪਏ ਦੇ ਨੋਟਾਂ ਨੂੰ ਲੀਗਲ ਟੈਂਡਰ ਬਣਾਉਣ ਨੂੰ ਕਿਹਾ ਹੈ। ਅਸਲ ਵਿੱਚ ਐਨ ਆਰ ਬੀ ਨੇਪਾਲ ਦਾ ਕੇਂਦਰੀ ਬੈਂਕ ਹੈ। ਇਸ ਬੈਂਕ ਨੇ ਭਾਰਤ ਦੇ ਕੇਂਦਰੀ ਬੈਂਕ ਨੂੰ ਵਿਦੇਸ਼ੀ ਕਰੰਸੀ ਪ੍ਰਬੰਧ ਐਕਟ (ਫੇਮਾ) ਦਾ ਨੋਟੀਫਿਕੇਸ਼ਨ ਜਾਰੀ ਕਰਨ ਨੂੰ ਕਿਹਾ, ਜਿਸ ਨਾਲ 100 ਰੁਪਏ ਤੋਂ ਵੱਧ ਮੁੱਲ ਵਾਲੇ ਨੋਟ ਨੇਪਾਲ ਵਿੱਚ ਵੀ ਚੱਲਣ ਲਈ ਪ੍ਰਵਾਨ ਕੀਤੇ ਜਾ ਸਕਣ ਅਤੇ ਲੈਣ ਦੇਣ ਦੀ ਸੌਖ ਹੋਵੇ। ਆਰ ਬੀ ਆਈ ਨੇ ਅਜੇ ਤੱਕ ਨੇਪਾਲ ਵਿੱਚ ਕੇਵਲ 100 ਰੁਪਏ ਜਾਂ ਇਸ ਤੋਂ ਹੇਠਲੇ ਮੁੱਲ ਦੇ ਨੋਟਾਂ ਨੂੰ ਚਲਾਉਣ ਵਾਸਤੇ ਮਨਜ਼ੂਰੀ ਦਿੱਤੀ ਹੈ। ਦੋ ਸਾਲ ਪਹਿਲਾਂ 500 ਰੁਪਏ ਅਤੇ 1000 ਰੁਪਏ ਦੇ ਨੋਟਾਂ ਉੱਤੇ ਪਾਬੰਦੀ ਲਾਉਣ ਤੋਂ ਪਹਿਲਾਂ ਆਰ ਬੀ ਆਈ ਨੇ ਫੇਮਾ ਦੇ ਨੋਟੀਫਿਕੇਸ਼ਨ ਵਿੱਚ ਕਿਹਾ ਸੀ ਕਿ ਨੇਪਾਲੀ ਨਾਗਰਿਕ 25 ਹਜ਼ਾਰ ਰੁਪਏ ਮੁੱਲ ਤੱਕ ਦੇ ਅਜਿਹੇ ਨੋਟ ਹੀ ਰੱਖ ਸਕਣਗੇ। ਪੁਰਾਣੇ 500 ਰੁਪਏ ਅਤੇ 1000 ਰੁਪਏ ਦੇ ਨੋਟਾਂ ਉੱਤੇ ਪਾਬੰਦੀ ਦੇ ਬਾਅਦ ਭਾਰਤ ਵਿੱਚ 200 ਰੁਪਏ, 500 ਰੁਪਏ ਅਤੇ 2000 ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਗਏ ਸਨ। ਆਰ ਬੀ ਆਈ ਨੇ ਨਵੇਂ ਨੋਟਾਂ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਅਤੇ ਇਸ ਕਾਰਨ ਨੇਪਾਲ ਵਿੱਚ ਇਨ੍ਹਾਂ ਦੀ ਵਰਤੋਂ ਨਾਜਾਇਜ਼ ਹੈ।

## ਭਾਰਤੀ ਤੇ ਚੀਨੀ ਪਾੜ੍ਹਿਆਂ 'ਤੇ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਦੀ ਨਜ਼ਰ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਬ੍ਰੈਗਜ਼ਿਟ ਦੇ ਫੈਸਲੇ ਕਾਰਨ ਫੰਡਾਂ ਦੀ ਕਮੀ ਨਾਲ ਜੂਝਦੀਆਂ ਬ੍ਰਿਟੇਨ ਦੀਆਂ ਕੁਝ ਯੂਨੀਵਰਸਿਟੀਆਂ ਦੀ ਨਜ਼ਰ ਵਿਦੇਸ਼ੀ ਵਿਦਿਆਰਥੀਆਂ ਉਤੇ ਹੈ, ਜੋ ਸਥਾਨਕ ਨੌਜਵਾਨਾਂ ਤੋਂ ਵੱਧ ਫੀਸਾਂ ਭਰਦੇ ਹਨ। ਇਨ੍ਹਾਂ ਯੂਨੀਵਰਸਿਟੀਆਂ ਦੇ ਮੁਖੀਆਂ ਨੂੰ ਭਾਰਤ ਅਤੇ ਚੀਨ ਦੇ ਵਿਦਿਆਰਥੀਆਂ ਤੋਂ ਵੱਡੀਆਂ ਆਸਾਂ ਹਨ।



ਗਲਾਸਗੋ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਰਸੇਲ ਗਰੁੱਪ ਦੇ ਚੇਅਰਮੈਨ ਐਂਟਨ ਮਸਕਟੇਲੀ ਨੇ 'ਦਿ ਸੰਡੇ ਟਾਈਮਜ਼' ਨੂੰ ਦੱਸਿਆ ਕਿ ਵਿੱਤੀ ਚੁਣੌਤੀਆਂ ਦੇ ਟਾਕਰੇ ਲਈ ਉਹ ਵਿਦੇਸ਼ੀ ਵਿਦਿਆਰਥੀਆਂ ਖਾਸ ਕਰਕੇ ਭਾਰਤ ਤੇ ਚੀਨ ਦੇ ਵਿਦਿਆਰਥੀਆਂ ਨੂੰ ਵੱਧ ਭਰਤੀ ਕਰਨ ਦੀ ਕੋਸ਼ਿਸ਼ ਕਰਨਗੇ। ਇੱਕ ਰਿਪੋਰਟ ਮੁਤਾਬਕ ਯੂ ਕੇ ਦੇ ਉਚੇਰੀ ਸਿੱਖਿਆ ਦੇ ਖੇਤਰ ਨੂੰ ਤੀਹਰਾ ਝਟਕਾ ਲੱਗੇਗਾ। ਇੰਗਲੈਂਡ ਵੱਲੋਂ ਯੂਰਪੀ ਯੂਨੀਅਨ ਨਾਲ ਸਮਝੌਤਾ ਕੀਤੇ ਬਿਨਾਂ ਵੱਖ ਹੋਣ ਉੱਤੇ 1.3 ਅਰਬ ਪਾਊਂਡ ਦੇ ਯੂਰਪੀਨ ਯੂਨੀਅਨ ਖੋਜ ਫੰਡ ਦੀ ਕਟੌਤੀ ਹੋ ਜਾਵੇਗੀ ਤੇ ਯੂਰਪੀ ਯੂਨੀਅਨ ਦੇ ਵਿਦਿਆਰਥੀ ਵੀ ਘੱਟ ਜਾਣਗੇ। ਬਕਿੰਘਮ ਯੂਨੀਵਰਸਿਟੀ ਦੇ ਪ੍ਰੋਫੈਸਰ ਐਲਨ ਸਮਿਥਰਜ਼ ਨੇ ਦੱਸਿਆ ਕਿ ਭਾਰਤ ਅਤੇ ਚੀਨ ਦੇ ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਬ੍ਰਿਟਿਸ਼ ਵਿਦਿਆਰਥੀਆਂ ਨੂੰ ਨਮੋਸ਼ੀ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ ਬ੍ਰਿਟਿਸ਼ ਵਿਦਿਆਰਥੀਆਂ ਨੂੰ ਰੁਜ਼ਗਾਰ ਲਈ ਸੰਘਰਸ਼ ਕਰਨਾ ਪੈ ਸਕਦਾ ਹੈ। ਵਰਨਣ ਯੋਗ ਹੈ ਕਿ ਸਿਖਰਲੀਆਂ ਯੂਨੀਵਰਸਿਟੀਆਂ 'ਚ ਪੰਜ ਸਾਲਾ ਮੈਡੀਕਲ ਡਿਗਰੀ ਲਈ ਵਿਦੇਸ਼ੀ ਵਿਦਿਆਰਥੀਆਂ ਤੋਂ ਸਾਲਾਨਾ 30 ਹਜ਼ਾਰ ਪਾਊਂਡ ਤੋਂ ਵੱਧ ਵਸੂਲੇ ਜਾਂਦੇ ਹਨ, ਜਦ ਕਿ ਯੂ ਕੇ ਦੇ ਵਿਦਿਆਰਥੀ 9250 ਪਾਊਂਡ ਹੀ ਫੀਸ ਭਰਦੇ ਹਨ।

## ਸੋਸ਼ਲ ਮੀਡੀਆ ਤੋਂ ਲੜਕੀਆਂ ਵਿੱਚ ਡਿਪਰੈਸ਼ਨ ਦਾ ਖਤਰਾ ਦੁੱਗਣਾ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਸੋਸ਼ਲ ਮੀਡੀਆ 'ਤੇ ਬਹੁਤਾ ਸਮਾਂ ਬਿਤਾਉਣ ਵਾਲੀਆਂ ਮੁਟਿਆਰਾਂ ਡਿਪਰੈਸ਼ਨ ਗ੍ਰਸਤ ਹੋਣ ਦਾ ਖਤਰਾ ਦੁੱਗਣਾ ਹੁੰਦਾ ਹੈ। ਇੱਕ ਨਵੇਂ ਅਧਿਐਨ ਵਿੱਚ ਅਜਿਹਾ ਦਾਅਵਾ ਕੀਤਾ ਗਿਆ ਹੈ। ਆਪਣੀ ਤਰ੍ਹਾਂ ਦੇ ਪਹਿਲੇ ਇਸ ਅਧਿਐਨ 'ਚ ਸੋਸ਼ਲ ਮੀਡੀਆ 'ਚ ਡਿਪਰੈਸ਼ਨ ਦੇ ਲੱਛਣਾਂ ਵਿਚਾਲੇ ਸੰਬੰਧ ਦੇਖਿਆ ਗਿਆ। ਬ੍ਰਿਟੇਨ ਦੇ ਯੂਨੀਵਰਸਿਟੀ ਕਾਲਜ ਲੰਡਨ (ਯੂ ਸੀ ਐੱਲ) ਦੇ ਖੋਜੀਆਂ ਨੇ ਲਗਭਗ 11000 ਨੌਜਵਾਨਾਂ ਤੋਂ ਪ੍ਰਾਪਤ ਡਾਟਾ ਦਾ ਵਿਸ਼ਲੇਸ਼ਣ ਕੀਤਾ ਤੇ ਦੇਖਿਆ ਕਿ 14 ਸਾਲ ਦੀਆਂ ਲੜਕੀਆਂ ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਕਰਦੀਆਂ ਹਨ। ਉਨ੍ਹਾਂ 'ਚ ਹਰ ਪੰਜ ਵਿੱਚੋਂ ਦੋ ਮੁਟਿਆਰਾਂ ਸੋਸ਼ਲ ਮੀਡੀਆ ਦੀ ਹਰ ਪੰਜ ਵਿੱਚੋਂ ਇੱਕ ਨੌਜਵਾਨ ਦੇ ਮੁਕਾਬਲੇ ਰੋਜ਼ਾਨਾ ਤਿੰਨ ਘੰਟੇ ਵੱਧ ਵਰਤੋਂ ਕਰਦੀਆਂ ਹਨ ਅਤੇ10 ਫੀਸਦੀ ਲੜਕਿਆਂ ਦੇ ਮੁਕਾਬਲੇ ਸਿਰਫ ਚਾਰ ਫੀਸਦੀ ਲੜਕੀਆਂ ਉਹ ਦੇਖੀਆਂ ਗਈਆਂ ਕਿ ਜੋ ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਦੀਆਂ। ਅਧਿਐਨ ਤੋਂ ਪਤਾ ਲੱਗਾ ਕਿ ਸੋਸ਼ਲ ਮੀਡੀਆ ਦੀ ਮਾਮੂਲੀ ਵਰਤੋਂ ਕਰਨ ਵਾਲੀਆਂ 12 ਫੀਸਦੀ ਹੋਰ ਜ਼ਿਆਦਾ ਵਰਤੋਂ (ਰੋਜ਼ ਪੰਜ ਜਾਂ ਉਸ ਤੋਂ ਵੱਧ ਘੰਟੇ) ਕਰਨ ਵਾਲੀਆਂ 38 ਫੀਸਦੀ ਲੜਕੀਆਂ 'ਚ ਗੰਭੀਰ ਪੱਧਰ ਦੇ ਡਿਪਰੈਸ਼ਨ ਵਿੱਚ ਲੱਛਣ ਦੇਖੇ ਗਏ। ਖੋਜਕਾਰ ਇਸ ਗੱਲ ਬਾਰੇ ਅਜੇ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੇ ਕਿ ਸੋਸ਼ਲ ਮੀਡੀਆ ਦੀ ਵੱਧ ਵਰਤੋਂ ਦਾ ਮਾਨਸਿਕ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ, ਇਸ ਦੇ ਕੁਝ ਸੰਕੇਤ ਮਿਲੇ ਹਨ।

# ਪੀ ਆਈ ਏ ਨੇ ਏਅਰ ਹੋਸਟੈਸਾਂ ਨੂੰ ਭਾਰ ਘਟਾਉਣ ਲਈ ਕਿਹਾ

ਇਸਲਾਮਾਬਾਦ, 7 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਸਰਕਾਰੀ ਹਵਾਈ ਕੰਪਨੀ ਪੀ ਆਈ ਏ ਨੇ ਜ਼ਿਆਦਾ ਭਾਰ ਵਾਲੀਆਂ ਏਅਰ ਹੋਸਟਸਾਂ ਨੂੰ ਕਿਹਾ ਹੈ ਕਿ ਛੇ ਮਹੀਨਿਆਂ ਵਿੱਚ ਭਾਰ ਘਟਾ ਲੈਣ, ਨਹੀਂ ਤਾਂ ਉਨ੍ਹਾਂ ਨੂੰ ਉਡਾਣਾਂ ਤੋਂ ਹਟਾ ਕੇ ਦਫਤਰੀ ਕੰਮ ਉੱਤੇ ਲਾ ਦਿੱਤਾ ਜਾਵੇਗਾ।



'ਐਕਸਪ੍ਰੈਸ ਟ੍ਰਿਬਿਊਨ' ਦੇ ਅਨੁਸਾਰ ਵੱਖ-ਵੱਖ ਲੰਬਾਈ ਲਈ ਭਾਰ ਦਾ ਨਵਾਂ ਚਾਰਟ ਜਾਰੀ ਕੀਤਾ ਗਿਆ ਹੈ ਅਤੇ ਏਅਰ ਹੋਸਟਸਾਂ ਨੂੰ ਕਿਹਾ ਗਿਆ ਹੈ ਕਿ ਉਹ ਹਰ ਮਹੀਨੇ ਆਪਣਾ ਭਾਰ ਚੈਕ ਕਰਵਾ ਕੇ ਉਡਾਣ ਲਈ ਕਲੀਅਰੈਂਸ ਲੈਣ। ਪੀ ਆਈ ਏ ਦੀਆਂ ਉਡਾਣ ਸੇਵਾਵਾਂ ਦੇ ਜਨਰਲ ਮੈਨੇਜਰ ਆਮਿਰ ਬਸ਼ੀਰ ਨੇ ਕਿਹਾ ਕਿ ਇਹ ਆਦੇਸ਼ ਇਕ ਜਨਵਰੀ ਨੂੰ ਜਾਰੀ ਕੀਤੇ ਗਏ ਹਨ ਤੇ ਵੱਧ ਭਾਰ ਵਾਲੀਆਂ ਏਅਰ ਹੋਸਟਸਾਂ ਨੂੰ ਹਰ ਮਹੀਨੇ ਪੰਜ ਪੌਂਡ (2.26 ਕਿਲੋ) ਭਾਰ ਘਟਾਉਣ ਲਈ ਕਿਹਾ ਗਿਆ ਹੈ। ਇਸ ਰਿਪੋਰਟ ਅਨੁਸਾਰ 1800 ਏਅਰ ਹੋਸਟਸਾਂ ਨੂੰ ਪੱਤਰ ਜਾਰੀ ਕਰ ਕੇ ਸਾਫ ਕਿਹਾ ਗਿਆ ਹੈ ਕਿ ਜਾਂ ਤਾਂ ਪਤਲੀਆਂ ਹੋਵੋ, ਨਹੀਂ ਤਾਂ ਉਡਾਣ ਤੋਂ ਉਤਾਰ ਕੇ ਦਫਤਰੀ ਕੰਮ ਲਾ ਦਿੱਤਾ ਜਾਵੇਗਾ। ਇਸ ਸਮੇਂ ਜਿਨ੍ਹਾਂ ਏਅਰ ਹੋਸਟਰਾਂ ਦਾ ਭਾਰ ਮਿਥੇ ਭਾਰ ਤੋਂ 30 ਪੌਂਡ (13.6 ਕਿਲੋ) ਵੱਧ ਹੈ, ਉਨ੍ਹਾਂ ਨੂੰ ਉਡਾਣ ਦੀ ਇਜਾਜ਼ਤ ਹੈ। ਮੌਜੂਦਾ ਚਾਰਟ ਅਨੁਸ-ਾਰ ਪੰਜ ਫੁੱਟ ਸੱਤ ਇੰਚ ਕੱਦ ਵਾਲੀਆਂ ਏਅਰ ਹੋਸਟਸਾਂ ਲਈ ਭਾਰ 133 ਤੋਂ 147 ਪੌਂਡ (60 ਤੋਂ 66 ਕਿਲੋ) ਰੱਖਿਆ ਗਿਆ ਹੈ। ਸਾਰੀਆਂ ਏਅਰ ਹੋਸਟਸਾਂ ਦਾ ਭਾਰ ਉਨ੍ਹਾਂ ਦੇ ਬੇਸ ਸਟੇਸ਼ਨ 'ਤੇ ਚੈਕ ਕੀਤਾ ਜਾਵੇਗਾ। ਪੀ ਆਈ ਏ ਦੇ ਬੁਲਾਰੇ ਮਸ਼ੂਦ ਤਾਜਵਰ ਨੇ ਕਿਹਾ ਕਿ ਲਗਭਗ 100 ਏਅਰ ਹੋਸਟਸਾਂ ਨੂੰ ਇਕ ਜੁਲਾਈ 2019 ਤੱਕ ਭਾਰ ਘਟਾਉਣਾ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਮੋਟੀਆਂ ਏਅਰ ਹੋਸਟਸਾਂ ਨੂੰ ਨਹੀਂ ਵੇਖਣਾ ਚਾਹੁੰਦਾ।

## ਚੀਨ ਸਰਕਾਰ ਇਸਲਾਮ ਨੂੰ ਆਪਣੇ ਸੱਚੇ ਵਿੱਚ ਢਾਲੇਗੀ

ਬੀਜਿੰਗ, 7 ਜਨਵਰੀ (ਪੋਸਟ ਬਿਊਰੋ)- ਚੀਨ ਸਰਕਾਰ ਨੇ ਇਸਲਾਮ ਨੂੰ ਆਪਣੇ ਸੱਚੇ ਵਿੱਚ ਢਾਲਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਸ ਦਿਸ਼ਾ ਵਿੱਚ ਸਰਕਾਰ ਨੇ ਇਕ ਕਾਨੂੰਨ ਪਾਸ ਕੀਤਾ ਹੈ ਜਿਸ ਦੇ ਤਹਿਤ ਪੰਜ ਸਾਲ 'ਚ ਇਸਲਾਮ ਦਾ ਚੀਨੀਕਰਨ ਕੀਤਾ ਜਾਵੇਗਾ। ਚੀਨ ਦੇ ਸਮਾਜ ਮੁਤਾਬਕ ਇਸਲਾਮਿਕ ਮਾਨਤਾ ਦੀ ਦਿਸ਼ਾ 'ਚ ਚੀਨ ਦਾ ਇਹ ਤਾਜ਼ਾ ਕਦਮ ਹੈ। ਇਕ ਅਖਬਾਰ ਦੇ ਮੁਤਾਬਕ ਅੱਠ ਇਸਲਾਮਿਕ ਸੰਸਥਾਨਾਂ ਦੇ ਪ੍ਰਤੀਨਿਧਾਂ ਤੇ ਸਰਕਾਰੀ ਅਧਿਕਾਰੀਆਂ ਦੀ ਬੈਠਕ 'ਚ ਇਸਲਾਮ ਨੂੰ ਸਮਾਜਵਾਦ ਤੇ ਚੀਨ ਦੇ ਮੁਤਾਬਕ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ 'ਤੇ ਸਹਿਮਤੀ ਬਣੀ ਹੈ। ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਅਗਵਾਈ ਵਿੱਚ ਚੀਨ ਪਿਛਲੇ ਕੁਝ ਸਾਲਾਂ ਤੋਂ ਮੁਸਲਮਾਨਾਂ ਦੀਆਂ ਮਾਨਤਾਵਾਂ ਤੇ ਜਿਊਣ ਦੇ ਤਰੀਕੇ ਬਦਲਣ ਦੀ ਦਿਸ਼ਾ 'ਚ ਯਤਨਸ਼ੀਲ ਹੈ। ਵਰਨਣ ਯੋਗ ਹੈ ਕਿ ਚੀਨ ਵਿੱਚ ਇਸਲਾਮਿਕ ਮਾਨਤਾਵਾਂ ਦੇ ਪਾਲਣ 'ਤੇ ਪਾਬੰਦੀ ਹੈ। ਦਾੜ੍ਹੀ ਵਧਾਉਣ ਜਾਂ ਹਿਜਾਬ ਪਾਉਣ ਬਦਲੇ ਗ੍ਰਿਫਤਾਰ ਕੀਤੇ ਜਾਣ ਦੀ ਵਿਵਸਥਾ ਹੈ। ਅਖਬਾਰ ਦੇ ਮੁਤਾਬਕ 10 ਲੱਖ ਤੋਂ ਵੱਧ ਉਈਗਰ ਮੁਸਲਮਾਨਾਂ ਨੂੰ ਨਜ਼ਰਬੰਦੀ ਕੈਂਪਾਂ 'ਚ ਰੱਖਿਆ ਗਿਆ ਹੈ, ਜਿਥੇ ਉਨ੍ਹਾਂ ਨੂੰ ਆਪਣੀਆਂ ਧਾਰਮਿਕ ਮਾਨਤਾਵਾਂ ਛੱਡਣ ਤੇ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਪ੍ਰਤੀ ਨਿਸ਼ਠਾ ਦੀ ਸਹੁੰ ਚੁੱਕਣ ਨੂੰ ਮਜਬੂਰ ਕੀਤਾ ਜਾ ਰਿਹਾ ਹੈ।

## ਬ੍ਰਿਟੇਨ ਵੱਲੋਂ ਆਪਣੇ ਨਾਗਰਿਕਾਂ ਨੂੰ ਭਾਰਤ ਯਾਤਰਾ ਦੌਰਾਨ ਚੌਕਸੀ ਦੀ ਹਦਾਇਤ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਭਾਰਤ ਜਾ ਰਹੇ ਆਪਣੇ ਨਾਗਰਿਕਾਂ ਨੂੰ ਚੌਕਸ ਕਰਦਿਆਂ ਭੀੜ ਵਾਲੀਆਂ ਥਾਵਾਂ ਉੱਤੇ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਹੈ।

ਅਸਲ ਵਿੱਚ ਭਾਰਤ ਦੇ ਸੂਬੇ ਕੇਰਲ ਵਿੱਚ ਸਬਰੀਮਾਲਾ ਮੰਦਰ 'ਚ ਔਰਤਾਂ ਦੇ ਦਾਖਲੇ ਬਾਰੇ ਪੈਦਾ ਹੋਏ ਵਿਵਾਦ ਤੋਂ ਬਾਅਦ ਉਸ ਰਾਜ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਬ੍ਰਿਟੇਨ ਨੇ ਇਹ ਚੇਤਾਵਨੀ ਜਾਰੀ ਕੀਤੀ ਹੈ। ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਦੀ ਯਾਤਰਾ ਬਾਰੇ ਸੂਚਨਾਵਾਂ ਜਾਰੀ ਕਰਨ ਵਾਲੇ ਵਿਦੇਸ਼ ਅਤੇ ਕਾਮਨਵੈਲਥ ਵਿਭਾਗ (ਐਫ ਸੀ ਓ) ਨੇ ਭਾਰਤ ਯਾਤਰਾ ਦੇ ਨਵੇਂ ਨਿਰਦੇਸ਼ ਜਾਰੀ ਕਰਦਿਆਂ ਕਿਹਾ ਹੈ ਕਿ ਕੇਰਲ 'ਚ ਮੌਜੂਦ ਅਤੇ ਉਥੇ ਜਾਣ ਦੀ ਯੋਜਨਾ ਬਣਾ ਰਹੇ ਬ੍ਰਿਟੇਨ ਦੇ ਨਾਗਰਿਕ ਮੀਡੀਆ 'ਤੇ ਆਉਂਦੀਆਂ ਖਬਰਾਂ 'ਤੇ ਪੂਰੀ ਨਜ਼ਰ ਰੱਖਣ, ਕਿਉਂਕਿ ਸਬਰੀਮਾਲਾ ਮੰਦਰ 'ਚ ਔਰਤਾਂ ਦੇ ਦਾਖਲੇ ਦੇ ਮੁੱਦੇ 'ਤੇ ਕੇਰਲ ਦੇ ਕਸਬਿਆਂ ਤੇ ਸ਼ਹਿਰਾਂ 'ਚ ਹਿੰਸਕ ਪ੍ਰਦਰਸ਼ਨ ਹੋਏ ਹਨ। ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਝੜੱਪਾਂ ਕਾਰਨ ਕਈ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਹਨ।

# ਪਤੀ ਨੇ ਬੱਚੇ ਦਾ ਸੁਝਾਇਆ, ਪਤਨੀ ਨੇ ਤਲਾਕ ਮੰਗ ਲਿਆ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਲੋਕ ਬੱਚੇ ਦੇ ਆਉਣ ਦੀ ਖਬਰ ਸੁਣ ਕੇ ਕਈ ਸੁਪਨੇ ਬੁਣਨ ਲੱਗਦੇ ਹਨ। ਏਦਾਂ ਦਾ ਇਕ ਸੁਪਨਾ ਇੰਗਲੈਂਡ ਦੇ ਇਕ ਜੋੜੇ ਨੇ ਦੇਖਣਾ ਸ਼ੁਰੂ ਕੀਤਾ, ਪਰ ਇਕ ਛੋਟੀ ਜਿਹੀ ਗੱਲ 'ਤੇ ਦੋਹਾਂ ਵਿਚਕਾਰ ਤਣਾਅ ਪੈਦਾ ਹੋ ਗਿਆ ਤੇ ਗਰਭਵਤੀ ਮਹਿਲਾ ਆਪਣੇ ਪਤੀ ਨੂੰ ਤਲਾਕ ਦੇਣ ਬਾਰੇ ਸੋਚ ਰਹੀ ਹੈ।



ਅਸਲ ਵਿਚ ਪਤੀ ਆਪਣੇ ਹੋਣ ਵਾਲੇ ਬੱਚੇ ਦਾ ਜੋ ਨਾਮ ਰੱਖਣਾ ਚਾਹੁੰਦਾ ਹੈ, ਉਸ ਨੂੰ ਸੁਣ ਕੇ ਮਹਿਲਾ ਦਾ ਦਿਲ ਟੁੱਟ ਗਿਆ। 23 ਸਾਲਾ ਮਹਿਲਾ 7 ਮਹੀਨੇ ਦੀ ਗਰਭਵਤੀ ਹੈ। ਉਹ ਆਪਣੇ ਪਤੀ ਨਾਲ ਮਿਲ ਕੇ ਹੋਣ ਵਾਲੇ ਬੱਚੇ ਦੇ ਨਾਮ 'ਤੇ ਵਿਚਾਰ ਕਰ ਰਹੀ ਸੀ। ਮਹਿਲਾ ਦੇ 24 ਸਾਲਾ ਪਤੀ ਨੇ ਕਿਹਾ ਕਿ ਇਸ ਵਾਰ ਉਹ ਹੋਣ ਵਾਲੇ ਬੱਚੇ ਦਾ ਨਾਮ ਰੱਖੇਗਾ ਤੇ ਅਗਲੀ ਵਾਰ ਮਹਿਲਾ ਦੂਜੇ ਬੱਚੇ ਦਾ ਨਾਮ ਰੱਖ ਸਕੇਗੀ। ਮਹਿਲਾ ਉਸ ਦਾ ਸੁਝਾਅ ਮੰਨਣ ਲਈ ਤਿਆਰ ਹੋ ਗਈ, ਪਰ ਪਤੀ ਨੇ ਜਦੋਂ ਆਪਣੀ ਸਾਬਕਾ ਪ੍ਰੇਮਿਕਾ ਦੇ ਨਾਮ ਦਾ ਸੁਝਾਅ ਦਿੱਤਾ ਤਾਂ ਉਹ ਹੈਰਾਨ ਰਹਿ ਗਈ। ਮਹਿਲਾ ਦਾ ਦਾਅਵਾ ਹੈ ਕਿ ਉਸ ਦਾ ਪਤੀ ਹਾਲੇ ਵੀ ਸਾਬਕਾ ਪ੍ਰੇਮਿਕਾ ਨੂੰ ਵੱਧ ਪਿਆਰ ਕਰਦਾ ਹੈ। ਉਸ ਨੇ ਕਿਹਾ ਕਿ ਸਾਬਕਾ ਪ੍ਰੇਮਿਕਾ ਕਾਰਨ ਪਤੀ ਨਾਲ ਰਿਸ਼ਤੇ ਦੇ ਸ਼ੁਰੂ ਦੇ ਦਿਨਾਂ ਵਿਚ ਉਸ ਨੇ ਕਾਫੀ ਪਰੇਸ਼ਾਨੀ ਹੋਈ ਸੀ। ਦੂਜੀ ਔਰਤ ਉਸ ਦੇ ਪਤੀ ਦੀ ਜ਼ਿੰਦਗੀ ਤੋਂ ਨਿਕਲ ਗਈ ਤਾਂ ਉਸ ਨੂੰ ਲੱਗਾ ਕਿ ਜ਼ਿੰਦਗੀ ਪਹਿਲਾਂ ਤੋਂ ਬਿਹਤਰ ਹੈ, ਪਰ ਜਦੋਂ ਪਤੀ ਨੇ ਬੱਚੇ ਦਾ ਨਾਮ ਉਸ ਪ੍ਰੇਮਿਕਾ ਦੇ ਨਾਮ 'ਤੇ ਰੱਖਣ ਦਾ ਸੁਝਾਅ ਦਿੱਤਾ ਤਾਂ ਮਹਿਲਾ ਦਾ ਦਿਲ ਟੁੱਟ ਗਿਆ। ਉਹ ਪਤੀ ਤੋਂ ਤਲਾਕ ਲੈਣਾ ਚਾਹੁੰਦੀ ਹੈ।

ਇਸ ਬਾਰੇ ਸਲਾਹ ਲੈਣ ਲਈ ਮਹਿਲਾ ਨੇ ਆਪਣੀ ਕਹਾਣੀ ਨੂੰ ਰੈਡਿਟ ਉੱਤੇ ਸ਼ੇਅਰ ਕੀਤਾ ਅਤੇ ਲਿਖਿਆ, 'ਪਤੀ ਅਤੇ ਮੈਂ ਹੋਣ ਵਾਲੇ ਬੱਚੇ ਦੇ ਨਾਮ 'ਤੇ ਸਹਿਮਤ ਨਹੀਂ, ਇਸ ਲਈ ਮੈਂ ਤਲਾਕ ਲੈਣ ਦਾ ਫੈਸਲਾ ਲਿਆ ਹੈ। ਇਹ ਕੇਸ ਥੋੜ੍ਹਾ ਮਜ਼ਾਕੀਆ ਲੱਗ ਸਕਦਾ ਹੈ ਪਰ ਮੇਰੇ ਤੇ ਪਤੀ ਵਿਚਕਾਰ ਇਹ ਵੱਡੀ ਸਮੱਸਿਆ ਹੈ। ਅਸੀਂ ਇਕ ਸਾਲ ਤੋਂ ਡੇਟ ਕਰ ਰਹੇ ਸੀ ਤੇ ਦੋ ਸਾਲ ਪਹਿਲਾਂ ਵਿਆਹ ਕੀਤਾ। ਮੈਂ 7 ਮਹੀਨੇ ਦੀ ਗਰਭਵਤੀ ਹਾਂ ਅਤੇ ਇੱਕ ਦਿਨ ਅਸੀਂ ਹੋਣ ਵਾਲੇ ਬੱਚੇ ਦੇ ਨਾਮ ਬਾਰੇ ਸੋਚਣਾ ਸ਼ੁਰੂ ਕੀਤਾ। ਜਦੋਂ ਸਾਨੂੰ ਪਤਾ ਲੱਗਾ ਕਿ ਹੋਣ ਵਾਲਾ ਬੱਚੀ ਕੁੜੀ ਹੈ ਤਾਂ ਮੇਰੇ ਪਤੀ ਚਾਹੁੰਦੇ ਹਨ ਕਿ ਉਸ ਦਾ ਨਾਮ ਸਾਬਕਾ ਪ੍ਰੇਮਿਕਾ ਦੇ ਨਾਮ 'ਤੇ ਰੱਖਿਆ ਜਾਵੇ। ਮੇਰੇ ਪਤੀ ਅੱਜ ਵੀ ਸਾਬਕਾ ਪ੍ਰੇਮਿਕਾ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਉਨ੍ਹਾਂ ਨੇ ਇਸ ਗੱਲ ਨੂੰ ਕਦੇ ਨਹੀਂ ਲੁਕੋਇਆ।'

ਬਹੁਤੇ ਯੂਜ਼ਰਸ ਨੇ ਬੱਚੀ ਦਾ ਨਾਮ ਸਾਬਕਾ ਪ੍ਰੇਮਿਕਾ ਦੇ ਨਾਮ 'ਤੇ ਨਾ ਰੱਖਣ ਦੀ ਸਲਾਹ ਦਿੱਤੀ। ਇਕ ਨੇ ਲਿਖਿਆ, 'ਜਦੋਂ ਤੁਹਾਡੀ ਬੱਚੀ ਵੱਡੀ ਹੋ ਜਾਵੇ ਤਾਂ ਤੁਸੀਂ ਉਸ ਨੂੰ ਕਿਵੇਂ ਦੱਸੋਗੇ ਕਿ ਤੁਹਾਡੇ ਪਿਤਾ ਨੇ ਤੁਹਾਡਾ ਨਾਮ ਆਪਣੀ ਸਾਬਕਾ ਪ੍ਰੇਮਿਕਾ ਦੇ ਨਾਮ ਉੱਤੇ ਰੱਖਿਆ ਹੈ, ਭਾਵੇਂ ਉਸ ਨਾਲ ਤੁਹਾਡੇ ਪਿਤਾ ਦੇ ਰਿਸ਼ਤੇ ਚੰਗੇ ਨਹੀਂ ਰਹੇ।' ਇਕ ਮਹਿਲਾ ਯੂਜ਼ਰ ਨੇ ਲਿਖਿਆ, 'ਮੈਂ ਲੜਕੀ ਹਾਂ, ਮੇਰੇ ਪਿਤਾ ਨੇ ਮੇਰਾ ਨਾਮ ਆਪਣੀ ਪ੍ਰੇਮਿਕਾ ਦੇ ਨਾਮ 'ਤੇ ਰੱਖਿਆ ਸੀ। ਮਾਂ ਨੂੰ ਇਸ ਦਾ ਪਤਾ ਨਹੀਂ ਸੀ। ਮੇਰਾ ਨਾਮ ਵਧੀਆ ਹੈ, ਪਰ ਮੈਨੂੰ ਇਸ ਨਾਲ ਨਫਰਤ ਹੈ। ਜਦੋਂ ਮੈਂ ਉਸ ਕਾਰਨ ਬਾਰੇ ਸੋਚਦੀ ਹਾਂ ਜਿਸ ਬਾਰੇ ਮੇਰਾ ਨਾਮ ਰੱਖਿਆ ਗਿਆ ਤਾਂ ਮੈਨੂੰ ਹੈਰਾਨੀ ਹੁੰਦੀ ਹੈ। ਇਸ ਲਈ ਹੋਣ ਵਾਲੇ ਬੱਚੇ ਦਾ ਨਾਮ ਆਪਣੇ ਸਾਬਕਾ ਪ੍ਰੇਮੀ ਜਾਂ ਪ੍ਰੇਮਿਕਾ ਦੇ ਨਾਮ 'ਤੇ ਨਾ ਰੱਖੋ। ਇਹ ਤੁਹਾਡੇ ਬੱਚੇ ਨੂੰ ਚੰਗਾ ਨਹੀਂ ਲੱਗੇਗਾ।''

## ਪੁਲਾੜ ਯਾਤਰੀ ਤੋਂ ਗਲਤੀ ਨਾਲ ਐਮਰਜੈਂਸੀ ਅਲਾਰਮ ਵੱਜਣ ਦੇ ਨਾਲ ਨਾਸਾ ਵਿੱਚ ਭਗਦੜ

ਵਾਸ਼ਿੰਗਟਨ, 7 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਹਿਊਸਟਨ ਬੇਸ ਉੱਤੇ ਇਕ ਪੁਲਾੜ ਯਾਤਰੀ ਨੇ ਗਲਤੀ ਨਾਲ ਐਮਰਜੈਂਸੀ ਨੰਬਰ ਡਾਇਲ ਕਰਕੇ ਹੰਗਾਮਾ ਖੜਾ ਕਰ ਦਿੱਤਾ।




ਪਤਾ ਲੱਗਾ ਹੈ ਕਿ ਨਾਸਾ ਦੇ ਜਾਨਸਨ ਪੁਲਾੜ ਸਟੇਸ਼ਨ ਵਿੱਚ ਅਲਾਰਮ ਘੰਟੀ ਵੱਜਣ ਤੋਂ ਬਾਅਦ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ ਐਸ ਐਸ) ਵਿੱਚ ਇਕ ਟੀਮ ਨੂੰ ਜਾਂਚ ਲਈ ਲਾਇਆ ਗਿਆ ਹੈ। ਨੀਦਰਲੈਂਡ ਦੇ ਪੁਲਾੜ ਯਾਤਰੀ ਆਂਦਰੇ ਕੁਈਪਰ ਨੇ ਬੀਤੇ ਦਿਨੀਂ ਆਪਣੇ ਨਾਲ ਹੋਈ ਘਟਨਾ ਦਾ ਖੁਲਾਸਾ ਕੀਤਾ ਹੈ। ਪੁਲਾੜ 'ਚੋਂ ਉਪਗ੍ਰਹਿ ਰਾਹੀਂ ਫੋਨ ਕਰਨ ਲਈ ਕੋਈ ਵਿਸ਼ੇਸ਼ ਕੋਡ ਲਾਉਣਾ ਜ਼ਰੂਰੀ ਹੁੰਦਾ ਹੈ। ਇਸ ਦੌਰਾਨ ਗਲਤੀ 'ਚ ਉਨ੍ਹਾਂ ਐਮਰਜੈਂਸੀ ਨੰਬਰ ਲਾ ਦਿੱਤਾ। ਉਨ੍ਹਾਂ ਦੇ ਇਸ ਫੋਨ ਨਾਲ ਨਾਸਾ 'ਚ ਹੰਗਾਮਾ ਹੋ ਗਿਆ। ਸ਼ੱਕ ਕੀਤਾ ਜਾਣ ਲੱਗਾ ਕਿ ਆਈ ਐਸ ਐਸ ਵਿੱਚ ਕੋਈ ਖਰਾਬੀ ਆ ਗਈ ਹੈ। ਜਾਂਚ ਕਰਨ ਤੋਂ ਬਾਅਦ ਸਥਿਤੀ ਸਪੱਸ਼ਟ ਹੋਈ। ਇਸ ਤੋਂ ਪਹਿਲਾਂ 2015 ਵਿੱਚ ਬ੍ਰਿਟੇਨ ਦੇ ਇਕ ਪੁਲਾੜ ਯਾਤਰੀ ਨੇ ਵੀ ਅਜਿਹੀ ਗਲਤੀ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਮੁਆਫੀ ਮੰਗ ਲਈ ਸੀ।

Honesty, Reliability, Commitment
HOMELIFE SILVERCITY

"Open House Until Sold"
Hira Randhawa
Broker
○ 1yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/Disability/Funeral Insurance


